ਗੁਪਤ

# ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸ਼ੁਕੱਰਵਾਰ, ਮਿਤੀ 30 ਅਗਸਤ, 2013 ਨੂੰ 2.30 ਵਜੇ ਬਾਅਦ ਦੁਪਹਿਰ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਿੰਡੀਕੇਟ ਰੂਮ (ਸੈਨੇਟ ਹਾਲ ਬਿਲਡਿੰਗ) ਵਿਖੇ ਹੋਈ ਸਿੰਡੀਕੇਟ ਦੀ ਇਕੱਤਰਤਾ ਦੀ ਕਾਰਵਾਈ ।

ਹਾਜ਼ਰ:

1. ਡਾ. ਅ.ਸ. ਬਰਾੜ, . . . (ਸਭਾਪਤੀ)
   ਉਪ-ਕੁਲਪਤੀ
2. ਮਿਸਿਜ਼ ਰਵਨੀਤ ਕੌਰ,
   ਪ੍ਰਿੰਸੀਪਲ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ
3. ਡਾ. ਗੁਰਦੇਵ ਸਿੰਘ ਘੁੰਮਣ,
   ਡੀ.ਪੀ.ਆਈ. (ਕਾਲਜਾਂ), ਪੰਜਾਬ
4. ਡਾ. ਐਮ.ਐਸ. ਹੁੰਦਲ,
   ਡੀਨ, ਅਕਾਦਮਿਕ ਮਾਮਲੇ

   ਡਾ. ਸੁਖਦੇਵ ਸਿੰਘ ਖਾਹਰਾ,
   ਡੀਨ, ਲੈਂਗੁਏਜ਼ਿਜ਼ ਫੈਕਲਟੀ।
6. ਡਾ. ਮਹਿਮੂਦ ਮੀਆਂ,
   ਡੀਨ, ਸਾਇੰਸਜ਼ ਫੈਕਲਟੀ।
7. ਡਾ. ਜੇ.ਐਸ. ਢਿਲੋਂ,
   ਡੀਨ, ਐਜੂਕੇਸ਼ਨ ਫੈਕਲਟੀ।
8. ਡਾ. ਡੈਰਿਕ ਏਂਜ਼ਲਜ਼,
   ਪ੍ਰੋਫੈਸਰ ਅਤੇ ਮੁਖੀ, ਇਲੈਕਟ੍ਰੋਨਿਕਸ ਵਿਭਾਗ।
9. ਡਾ. ਬਲਵਿੰਦਰ ਸਿੰਘ,
   ਪ੍ਰੋਫੈਸਰ ਅਤੇ ਮੁਖੀ, ਕੈਮਿਸਟਰੀ ਵਿਭਾਗ।
10. ਡਾ. ਦਲਜੀਤ ਸਿੰਘ,
    ਪ੍ਰਿੰਸੀਪਲ, ਖਾਲਸਾ ਕਾਲਜ, ਅੰਮ੍ਰਿਤਸਰ।
11. ਡਾ. ਜੋਤੀ ਬਿੰਦਰਾ,
    ਪ੍ਰਿੰਸੀਪਲ, ਆਰ.ਆਰ.ਐਮ.ਕੇ. ਆਰੀਆ ਮਹਿਲਾ ਮਹਾਂਵਿਦਿਆਲਾ, ਪਠਾਨਕੋਟ।
12. ਡਾ. ਪਰਮਜੀਤ ਕੌਰ,
    ਪ੍ਰਿੰਸੀਪਲ, ਗੌਰਮਿੰਟ ਆਰਟਸ ਐਂਡ ਸਪੋਰਟਸ ਕਾਲਜ, ਜਲੰਧਰ।
13. ਡਾ. ਡੀ.ਐਨ. ਜੌਹਰ, ਚੰਡੀਗੜ੍ਹ।
14. ਸ. ਜਗਦੀਸ਼ ਸਿੰਘ, ਅੰਮ੍ਰਿਤਸਰ।
15. ਡਾ. ਇੰਦਰਜੀਤ ਸਿੰਘ, . . . (ਸਕੱਤਰ)
    ਰਜਿਸਟਰਾਰ

ਏਜੰਡਾ ਸ਼ੁਰੂ ਕਰਨ ਤੋਂ ਪਹਿਲਾਂ ਉਪ-ਕੁਲਪਤੀ ਸਾਹਿਬ ਨੇ ਸਿੰਡੀਕੇਟ ਦੇ ਪਹਿਲਾਂ ਰਹਿ ਚੁੱਕੇ ਮੈਂਬਰ- ਡਾ. ਸੁਲੱਖਣ ਸਿੰਘ, ਡਾ. ਪੀ.ਕੇ. ਸਹਿਜਪਾਲ, ਡਾ. ਕੁਲਦੀਪ ਸਿੰਘ, ਡਾ. ਨੀਲਮ ਸੇਠੀ, ਸ਼੍ਰੀਮਤੀ ਸੁਨੀਤਾ ਸਹਿਗਲ ਢਿੱਲੋਂ ਅਤੇ ਸ. ਰਜਿੰਦਰ ਮੋਹਨ ਸਿੰਘ ਛੀਨਾ ਵੱਲੋਂ ਯੂਨੀਵਰਸਿਟੀ ਦੀ ਬਿਹਤਰੀ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ।

ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਉੱਤੇ ਡਾ. ਮਹਿਮੂਦ ਮੀਆਂ, ਡਾ. ਜੇ.ਐਸ. ਢਿੱਲੋਂ, ਡਾ. ਡੈਰਿਕ ਏਂਜ਼ਲਜ਼, ਡਾ. ਬਲਵਿੰਦਰ ਸਿੰਘ, ਡਾ. ਜੋਤੀ ਬਿੰਦਰਾ ਅਤੇ ਡਾ. ਪਰਮਜੀਤ ਕੌਰ ਦੀ ਨਵੇਂ ਮੈਂਬਰ ਵਜੋਂ ਨਿਯੁਕਤੀ ਹੋਈ ਹੈ। ਉਨ੍ਹਾਂ ਇੱਕਤਰਤਾ ਵਿਚ ਸ਼ਾਮਲ ਹੋਣ ਲਈ ਆਏ ਸਮੂਹ ਮੈਂਬਰ ਸਾਹਿਬਾਨ ਨੂੰ 'ਜੀ ਆਇਆਂ' ਆਖਿਆ ਅਤੇ ਆਸ ਪ੍ਰਗਟ ਕੀਤੀ ਕਿ ਉਹ ਯੂਨੀਵਰਸਿਟੀ ਦੀ ਬਿਹਤਰੀ ਲਈ ਆਪਣਾ ਪੂਰਣ ਸਹਿਯੋਗ ਦੇਂਦੇ ਰਹਿਣਗੇ।

ਉਪਰੰਤ ਏਜੰਡੇ 'ਤੇ ਕਾਰਵਾਈ ਸ਼ੁਰੂ ਹੋਈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 26.6.2013 ਦੀ ਕਾਰਵਾਈ ਦੀ ਪੁਸ਼ਟੀ।**

1. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇਕੱਤਰਤਾ ਮਿਤੀ 26.6.2013 ਦੀ ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

**ਸਿੰਡੀਕੇਟ ਦੀ ਇਕੱਤਰਤਾ ਮਿਤੀ 26.6.2013 ਦੇ ਨਿਰਣਿਆਂ 'ਤੇ ਕੀਤੀ ਕਾਰਵਾਈ ਨੋਟ ਕੀਤੀ ਗਈ।**

2. ਮਿਤੀ 26.6.2013 ਨੂੰ ਹੋਈ ਸਿੰਡੀਕੇਟ ਦੀ ਇਕੱਤਰਤਾ ਦੇ ਵੱਖ-ਵੱਖ ਨਿਰਣਿਆਂ 'ਤੇ ਕੀਤੀ ਕਾਰਵਾਈ **ਅੰਤਿਕਾ** ਅਨੁਸਾਰ ਨੋਟ ਕੀਤੀ ਗਈ।

**ਸਬੰਧਤ ਅਧਿਆਪਕਾਂ ਨੂੰ ਵਿਦੇਸ਼ ਵਿਖੇ ਕਾਨਫਰੰਸ ਵਿਚ ਭਾਗ ਲੈਣ ਲਈ ਵਿੱਤੀ ਸਹਾਇਤਾ ਦੀ ਪੁਸ਼ਟੀ।**

3. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠ ਲਿਖੇ ਅਧਿਆਪਕਾਂ ਨੂੰ, ਉਨ੍ਹਾਂ ਦੇ ਨਾਵਾਂ ਅੱਗੇ ਦਰਸਾਏ ਵੇਰਵੇ ਅਨੁਸਾਰ, ਵਿਜ਼ਟਿੰਗ ਫੈਲੋਸ਼ਿਪ ਅਵਾਰਡ ਪ੍ਰਾਪਤ ਕਰਨ/ ਕਾਨਫਰੰਸ ਵਿਚ ਭਾਗ ਲੈਣ ਲਈ ਕੁਲ ਖਰਚੇ ਦਾ 50% ਜਾਂ 40000/-ਰੁਪਏ, ਜੋ ਵੀ ਘੱਟ ਹੋਵੇ, ਯੂ.ਜੀ.ਸੀ. ਦੀ 16 Merged Schemes ਅਧੀਨ XIIth Plan Period ਲਈ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿਚੋਂ ਵਿੱਤੀ ਸਹਾਇਤਾ ਦੀ ਪਰਵਾਨਗੀ ਦਿੱਤੀ ਹੈ:-

| ਕ੍ਰਮ ਨੰ: | ਅਧਿਆਪਕ ਦਾ ਨਾਮ | ਕਾਨਫਰੰਸ ਬਾਰੇ ਵੇਰਵਾ |
|---|---|---|
| 1. | ਡਾ. ਕਮਲਜੀਤ ਸਿੰਘ, ਪ੍ਰੋਫੈਸਰ, ਕੈਮਿਸਟਰੀ ਵਿਭਾਗ | For the award of Visiting Fellowship under their International Scientific Collaboration and exchange of Scientists Programme to be held in Department of Chemistry, Max-Planck Institute for Poly Research, Germany from May-July, 2014. |
| 2. | ਡਾ. ਸੁਰਿੰਦਰ ਪਾਲ ਸਿੰਘ, ਅਸਿਸਟੈਂਟ ਪ੍ਰੋਫੈਸਰ, ਗਣਿਤ ਵਿਭਾਗ | XXVII International Summer conference on "Real Functions Theory" to be held in Niedzica, Poland from 01-06 September, 2013. |

**ਡਾ. ਮਨਿੰਦਰ ਲਾਲ ਸਿੰਘ, ਪ੍ਰੋਫੈਸਰ ਦੀ ਸਬੰਧਤ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ।**

4. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 21 ਉੱਤੇ ਦਰਜ ਸਟੈਚਿਊਟ 3 ਅਧੀਨ ਡਾ. ਮਨਿੰਦਰ ਲਾਲ ਸਿੰਘ, ਪ੍ਰੋਫੈਸਰ, ਇਲੈਕਟ੍ਰੋਨਿਕਸ ਟੈਕਨਾਲੋਜੀ ਵਿਭਾਗ ਨੂੰ ਮਿਤੀ 11.9.2013 ਤੋਂ 31.12.2013 ਅਤੇ ਮਿਤੀ 1.1.2014 ਤੋਂ ਤਿੰਨ ਸਾਲ ਲਈ ਉਕਤ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਜਾਂਦਾ ਹੈ।

ਡਾ. ਸੁਭੀਤ ਕੁਮਾਰ ਜੈਨ, ਐਸੋਸੀਏਟ ਪ੍ਰੋਫੈਸਰ ਦੀ ਸਬੰਧਤ ਵਿਭਾਗ ਦੇ ਮੁਖੀ ਵਜੋਂ ਨਿਯੁਕਤੀ ਦੀ ਪੁਸ਼ਟੀ।

5. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਪ੍ਰੀਤ ਮੋਹਿੰਦਰ ਸਿੰਘ ਬੇਦੀ, ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦੇ ਸ਼੍ਰੀ ਸਾਈਂ ਕਾਲਜ ਆਫ ਫਾਰਮੇਸੀ, ਬਦਾਨੀ, ਪਠਾਨਕੋਟ ਵਿਖੇ ਪ੍ਰੋਫੈਸਰ ਵਜੋਂ ਜੁਆਇਨ ਕਰਨ ਹਿੱਤ ਮਿਤੀ 25.5.2013 ਤੋਂ 19.4.2014 ਤੱਕ ਅਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਦੌਰਾਨ ਡਾ. ਸੁਭੀਤ ਕੁਮਾਰ ਜੈਨ, ਐਸੋਸੀਏਟ ਪ੍ਰੋਫੈਸਰ ਨੂੰ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਦਾ ਮੁਖੀ ਨਿਯੁਕਤ ਕੀਤਾ ਹੈ।

ਡਾ. ਸੋਹਿੰਦਰ ਸਿੰਘ, ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ ਦੀ ਸਬੈਟੀਕਲ ਛੁੱਟੀ ਦੀ ਪੁਸ਼ਟੀ।

6. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਡਾ. ਸੋਹਿੰਦਰ ਸਿੰਘ, ਪ੍ਰੋਫੈਸਰ, ਪੰਜਾਬੀ ਅਧਿਐਨ ਸਕੂਲ ਨੂੰ USA ਵਿਖੇ "American Punjabi Poem" ਤੇ ਖੋਜ ਕਰਨ ਲਈ ਮਿਤੀ 29.7.2013 ਤੋਂ 28.12.2013 ਤੱਕ ਪੂਰੀ ਤਨਖਾਹ 'ਤੇ ਸਬੈਟੀਕਲ ਛੁੱਟੀ ਪਰਦਾਨ ਕੀਤੀ ਹੈ।

ਮਿਸਿਜ਼ ਹਰਵਿੰਦਰ ਕੌਰ, ਸਹਾਇਕ ਪ੍ਰੋਫੈਸਰ (ਪੋਲੀਟੀਕਲ ਸਾਇੰਸ), ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ ਦੀ ਪ੍ਰੀ-ਮੈਚਿਊਰ ਰਿਟਾਇਰਮੈਂਟ ਦੀ ਮਿਤੀ ਵਿਚ ਸੋਧ।

7. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸਿੰਡੀਕੇਟ ਦੀ ਇੱਕਤਰਤਾ ਮਿਤੀ 26.6.2013 ਦੇ ਪੈਰਾ ਨੰ: 24 ਰਾਹੀਂ ਮਿਸਿਜ਼ ਹਰਵਿੰਦਰ ਕੌਰ ਢਿੱਲੋਂ, ਸਹਾਇਕ ਪ੍ਰੋਫੈਸਰ (ਪੋਲੀਟੀਕਲ ਸਾਇੰਸ), ਲਾਅ ਵਿਭਾਗ, ਰਿਜਨਲ ਕੈਂਪਸ, ਜਲੰਧਰ ਜਿਸਦੀ ਸਵੈ-ਇਛੁੱਤ ਸੇਵਾ-ਮੁਕਤੀ (VRS) ਸਕੀਮ ਅਧੀਨ ਮਿਤੀ 24.5.2013 ਤੋਂ 23.8.2013 ਤੱਕ ਤਿੰਨ ਮਹੀਨੇ ਦਾ ਨੋਟਿਸ ਪੀਰੀਅਡ ਪਰਵਾਨ ਕਰਦਿਆਂ ਮਿਤੀ 23.8.2013 ਬਾਅਦ ਦੁਪਹਿਰ ਤੋਂ ਸਵੈ-ਇਛੁੱਤ ਸੇਵਾ-ਮੁਕਤੀ ਪਰਵਾਨ ਕੀਤੀ ਗਈ ਸੀ, ਦੀ ਸਵੈ-ਇਛੁੱਤ ਸੇਵਾ-ਮੁਕਤੀ (Pre-mature retirement) ਮਿਤੀ 23.8.2013 ਦੀ ਬਜਾਏ 9.7.2013 (ਬਾਅਦ ਦੁਪਹਿਰ) ਤੋਂ ਪਰਵਾਨ ਕੀਤੀ ਹੈ।

(ਅ) ਉਨ੍ਹਾਂ ਕੋਲੋਂ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਵਜੋਂ ਘਟਦੇ 45 ਦਿਨ ਦੇ ਬਰਾਬਰ ਦੀ ਬਣਦੀ ਰਾਸ਼ੀ ਉਸ ਦੀ Leave encashment ਵਿਚੋਂ ਵਸੂਲ ਕੀਤੀ ਜਾਵੇਗੀ।

ਸਬੰਧਤ ਕਰਮਚਾਰੀ/ ਅਧਿਕਾਰੀ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ ਦੀ ਪੁਸ਼ਟੀ।

8. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਮਿਸ. ਰਾਜਵਿੰਦਰ ਕੌਰ, ਸ਼ੂਟਿੰਗ ਕੋਚ, ਸਪੋਰਟਸ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 24.7.2013 ਦੀ ਇੱਕ ਦਿਨ ਦੀ ਬ੍ਰੇਕ ਦੇ ਕੇ ਮਿਤੀ 25.7.2013 ਤੋਂ ਛੇ ਮਹੀਨੇ ਲਈ ਜਾਂ ਅਸਾਮੀ ਬਕਾਇਦਾ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ 'ਤੇ ਵਾਧਾ ਕੀਤਾ ਹੈ।

(ਅ) ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਵਿਖੇ ਕੰਟ੍ਰੈਕਟ ਆਧਾਰ ‘ਤੇ ਨਿਯੁਕਤ ਸ੍ਰੀ ਕੁਲਵਰਨ ਸਿੰਘ, ਕਾਲਜ ਨਿਗਰਾਨ ਦੀ ਨਿਯੁਕਤੀ ਦੀ ਮਿਆਦ ਵਿਚ ਮਿਤੀ 4.7.2013 ਤੋਂ 31.12.2013 ਤੱਕ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ਦੇ ਆਧਾਰ ‘ਤੇ ਵਾਧਾ ਕੀਤਾ ਹੈ। ਇਸ ਤੋਂ ਬਾਅਦ ਉਸਦੀ ਨਿਯੁਕਤੀ ਦੀ ਮਿਆਦ ਵਿਚ ਹੋਰ ਵਾਧਾ ਨਹੀਂ ਕੀਤਾ ਜਾਵੇਗਾ।

ਸਬੰਧਤ ਕਰਮਚਾਰੀਆਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧੇ/ ਮੁੜ-ਨਿਯੁਕਤੀ ਦੀ ਪੁਸ਼ਟੀ।

9. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ-

(ੳ) ਸ੍ਰੀ ਅਸ਼ੋਕ ਕੁਮਾਰ, ਟੈਕਨੀਸ਼ੀਅਨ (ਸੇਵਾ-ਮੁਕਤ), ਮਾਈਕ੍ਰੋਬਿਆਲੋਜੀ ਵਿਭਾਗ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 12.8.2013 ਦੀ ਇੱਕ ਦਿਨ ਦੀ ਬ੍ਰੇਕ ਦੇ ਕੇ ਮਿਤੀ 13.8.2013 ਤੋਂ 12.2.2014 ਤੱਕ (ਛੇ ਮਹੀਨੇ ਲਈ) 8000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਵਾਧਾ ਕੀਤਾ ਹੈ। ਉਸ ਦੀ ਇਹ ਨਿਯੁਕਤੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

(ਅ) ਸ੍ਰੀ ਜਗਤ ਰਾਮ, ਵਰਕ-ਇੰਸਪੈਕਟਰ, ਉਸਾਰੀ ਵਿਭਾਗ, ਜੋ ਮਿਤੀ 31.7.2013 ਨੂੰ ਸੇਵਾ-ਮੁਕਤ ਹੋ ਰਿਹਾ ਹੈ, ਨੂੰ ਮਿਤੀ 2.8.2013 ਤੋਂ 1.2.2014 ਤੱਕ ( ਛੇ ਮਹੀਨੇ ਲਈ) 10000/- ਰੁਪਏ ਪ੍ਰਤੀ ਮਹੀਨਾ ਬੱਝਵੀਂ ਤਨਖਾਹ ‘ਤੇ ਕੰਟ੍ਰੈਕਟ ਆਧਾਰ ‘ਤੇ ਮੁੜ-ਨਿਯੁਕਤ ਕੀਤਾ ਹੈ। ਉਸ ਦੀ ਇਹ ਨਿਯੁਕਤੀ ਡਿਊਟੀ ਜਾਇਨ ਕਰਨ ਦੀ ਮਿਤੀ ਤੋਂ ਮੰਨੀ ਜਾਵੇਗੀ।

ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ।

10. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਪੋਰਟਸ ਵਿਭਾਗ ਦੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਮਿਤੀ 7.9.2013 ਤੋਂ 9.9.2013 ਤੱਕ ਤਿੰਨ ਦਿਨਾਂ ਦੀ ਬ੍ਰੇਕ ਦੇ ਕੇ ਮਿਤੀ 10.9.2013 ਤੋਂ ਛੇ ਮਹੀਨੇ ਲਈ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਵਾਧਾ ਕੀਤਾ ਜਾਂਦਾ ਹੈ:-

1. ਸ੍ਰੀ ਮਨਜੀਤ ਸਿੰਘ, ਬਾਸਕਟਬਾਲ ਕੋਚ
2. ਸ੍ਰੀ ਜਗਦੀਪ ਸਿੰਘ, ਵਾਲੀਬਾਲ ਕੋਚ
3. ਸ੍ਰੀ ਲਖਵੀਰ ਸਿੰਘ, ਕਬੱਡੀ ਕੋਚ

ਸ੍ਰੀਮਤੀ ਅਮਰਜੀਤ ਕੌਰ ਅਲੰਗ, ਪ੍ਰੋਫੈਸ਼ਨਲ ਸਹਾਇਕ, ਸੋਸ਼ਿਆਲੋਜੀ ਵਿਭਾਗ ਦੀ ਮੁੜ-ਨਿਯੁਕਤੀ।

11. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ ‘ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀਮਤੀ ਅਮਰਜੀਤ ਕੌਰ ਅਲੰਗ, ਪ੍ਰੋਫੈਸ਼ਨਲ ਸਹਾਇਕ, ਸੋਸ਼ਿਆਲੋਜੀ ਵਿਭਾਗ ਦੀ ਮਿਤੀ 31.8.2013 ਨੂੰ ਸੇਵਾ-ਮੁਕਤੀ ਉਪਰੰਤ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਛੇ ਮਹੀਨੇ ਲਈ ਨਿਯਮਾਂ ਅਨੁਸਾਰ ਬਣਦੀ ਤਨਖਾਹ ‘ਤੇ ਮੁੜ-ਨਿਯੁਕਤ ਕੀਤਾ ਜਾਂਦਾ ਹੈ।

4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀਆਂ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।

12. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ

ਹੇਠ ਲਿਖੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ | ਜਿਸ ਮਿਤੀ ਤੋਂ ਇੰਕਰੀਮੈਂਟ ਦੇਣੀ ਹੈ/ ਇੰਕਰੀਮੈਂਟ ਦੀ ਰਕਮ(ਰੁ:) | ਬਣਦੀ ਬੇਸਿਕ ਤਨਖਾਹ(ਰੁ:) |
|---|---|---|---|---|
| 1. | ਸ. ਰਾਜਿੰਦਰ ਸਿੰਘ, ਨਿਗਰਾਨ | 4 ਸਾਲਾ | 7.7.2013 ਤੋਂ 830/- | 22880+5400G.P. =28280/- |
| 2. | ਸ੍ਰੀਮਤੀ ਹਰਜੀਤ ਕੌਰ, ਨਿਗਰਾਨ | 4 ਸਾਲਾ | 7.7.2013 ਤੋਂ 830/- | 22910+5400G.P =28310/- |

**ਸ੍ਰੀਮਤੀ ਗੁਰਿੰਦਰਬੀਰ ਕੌਰ ਸਿੱਧੂ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ ਦੀ ਅਸਾਮੀ ਖਾਲੀ ਘੋਸ਼ਿਤ ਕਰਨ ਦੀ ਪਰਵਾਨਗੀ।**

13. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀਮਤੀ ਗੁਰਿੰਦਰਬੀਰ ਕੌਰ ਸਿੱਧੂ, ਅਸਿਸਟੈਂਟ ਪ੍ਰੋਫੈਸਰ, ਕੰਪਿਊਟਰ ਸਾਇੰਸ ਤੇ ਇੰਜੀਨੀਅਰਿੰਗ ਵਿਭਾਗ, ਰਿਜਨਲ ਕੈਂਪਸ, ਸਠਿਆਲਾ ਜੋ ਮਿਤੀ 10.2.2013 ਤੋਂ ਦੋ ਸਾਲਾ ਦੀ ਆਸਾਧਾਰਣ ਬਿਨ੍ਹਾਂ ਤਨਖਾਹ ਛੁੱਟੀ ਪਰਵਾਨ ਨਾ ਹੋਣ ਦੇ ਬਾਵਜੂਦ ਵਿਦੇਸ਼ ਚਲੇ ਗਏ ਅਤੇ ਅਜੇ ਤੱਕ ਦਫਤਰ ਹਾਜ਼ਰ ਨਹੀਂ ਹੋਏ, ਨੂੰ ਮਿਤੀ 10.2.2013 ਤੋਂ ਡਿਊਟੀ ਤੋਂ ਗੈਰ-ਹਾਜ਼ਰ ਮੰਨਦਿਆਂ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 61 ਉੱਤੇ ਦਰਜ਼ ਸਟੈਚਿਊਟ 77.7(VII)(a)(iii) ਅਧੀਨ ਉਸ ਕੋਲੋਂ ਤਿੰਨ ਮਹੀਨੇ ਦੇ ਨੋਟਿਸ ਪੀਰੀਅਡ ਦੇ ਇਵਜ਼ ਵਿਚ ਤਨਖਾਹ ਵਸੂਲ ਕਰਦਿਆਂ ਉਸਦੀ ਅਸਾਮੀ ਖਾਲੀ ਘੋਸ਼ਿਤ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸ੍ਰੀਮਤੀ ਬਲਜੀਤ ਕੌਰ, ਨਿਗਰਾਨ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਪ੍ਰੀ-ਮੈਚਿਓਰ ਰਿਟਾਇਰਮੈਂਟ ਰੱਦ ਕਰਨ ਦੀ ਪੁਸ਼ਟੀ।**

14. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸ੍ਰੀਮਤੀ ਬਲਜੀਤ ਕੌਰ, ਨਿਗਰਾਨ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਬੇਨਤੀ ਮਿਤੀ 24.7.2013 ਨੂੰ ਮੁੱਖ ਰੱਖਦਿਆਂ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸ੍ਰੀਮਤੀ ਬਲਜੀਤ ਕੌਰ, ਨਿਗਰਾਨ, ਰਿਜਨਲ ਕੈਂਪਸ, ਗੁਰਦਾਸਪੁਰ ਦੀ ਸਿੰਡੀਕੇਟ ਦੀ ਇੱਕਤਰਤਾ ਮਿਤੀ 18.5.2013 ਦੇ ਪੈਰਾ ਨੰ: 44 ਰਾਹੀਂ 31.7.2013 (ਬਾਅਦ ਦੁਪਹਿਰ) ਤੋਂ ਸਵੈ-ਇਛੁੱਤ ਸੇਵਾ-ਮੁਕਤੀ (VRS) ਸਕੀਮ ਅਧੀਨ ਪ੍ਰਵਾਨ ਹੋਈ ਪ੍ਰੀ-ਮੈਚਿਓਰ ਰਿਟਾਇਰਮੈਂਟ ਨੂੰ ਰੱਦ ਕੀਤਾ ਹੈ। ਸ੍ਰੀਮਤੀ ਬਲਜੀਤ ਕੌਰ, ਨਿਗਰਾਨ, ਰਿਜਨਲ ਕੈਂਪਸ, ਗੁਰਦਾਸਪੁਰ ਦੀਆਂ ਸੇਵਾਵਾਂ ਪਹਿਲਾਂ ਦੀ ਤਰ੍ਹਾਂ ਜਾਰੀ ਰਹਿਣਗੀਆਂ।

**Meritorious ਵਿਦਿਆਰਥੀਆਂ ਲਈ ਗਿਆਰਵੀਂ ਅਤੇ ਬਾਰਵੀਂ ਕਲਾਸ ਲਈ ਰਿਹਾਇਸ਼ੀ ਸਕੂਲ ਖੋਲਣ ਲਈ 10 ਏਕੜ ਜਮੀਨ ਪੰਜਾਬ ਸਰਕਾਰ ਨੂੰ ਦੇਣ ਬਾਰੇ।**

15. ਮੈਟ੍ਰਿਕ ਵਿਚ 80% ਅਤੇ ਉਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ Meritorious ਵਿਦਿਆਰਥੀਆਂ ਲਈ ਗਿਆਰਵੀਂ ਅਤੇ ਬਾਰਵੀਂ ਕਲਾਸ ਲਈ ਰਿਹਾਇਸ਼ੀ ਸਕੂਲ ਖੋਲਣ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਕੈਂਪਸ ਵਿਖੇ 10 ਏਕੜ ਜਮੀਨ ਸਕੂਲ ਸਿੱਖਿਆ ਵਿਭਾਗ ਨੂੰ ਦੇਣ ਬਾਰੇ ਪੰਜਾਬ ਸਰਕਾਰ ਉਚੇਰੀ ਸਿੱਖਿਆ ਵਿਭਾਗ, ਚੰਡੀਗੜ੍ਹ ਵੱਲੋਂ ਪ੍ਰਾਪਤ ਪੱਤਰ ਨੰ: 13/40/2013-6ਸਿ/1/80707/1 ਮਿਤੀ 1.8.2013 (**ਅੰਤਿਕਾ** ਅਨੁਸਾਰ) ਉੱਤੇ ਵਿਚਾਰ ਹੋਈ।

**ਪਾਸ ਹੋਇਆ** ਕਿ-

(ੳ) ਉਕਤ ਮੰਤਵ ਲਈ ਇਸ ਯੂਨੀਵਰਸਿਟੀ ਵੱਲੋਂ 10 ਏਕੜ ਜਮੀਨ

ਪਟੇ (Lease) ‘ਤੇ 33 ਸਾਲਾਂ ਲਈ, ਯੂਨੀਵਰਸਿਟੀ ਅਤੇ ਪੰਜਾਬ ਸਰਕਾਰ ਦੀ ਆਪਸੀ ਸਹਿਮਤੀ ਨਾਲ ਪ੍ਰਵਾਨਤ ਸ਼ਰਤਾਂ ਅਤੇ ਬਾਨ੍ਹਾਂ ਉੱਤੇ ਪੰਜਾਬ ਸਰਕਾਰ ਨੂੰ ਦੇਣ ਲਈ ਪਰਵਾਨਗੀ ਦਿੱਤੀ ਜਾਂਦੀ ਹੈ। ਇਸ ਸਬੰਧੀ ਅਗਲੇਰੀ ਕਾਰਵਾਈ ਕਰਨ ਦੇ ਅਧਿਕਾਰ ਉਪ-ਕੁਲਪਤੀ ਜੀ ਨੂੰ ਦਿੱਤੇ ਜਾਂਦੇ ਹਨ।

(ਅ) ਉਕਤ ਸਮੇਂ ਤੋਂ ਬਾਅਦ ਪੰਜਾਬ ਸਰਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਆਪਸੀ ਸਹਿਮਤੀ ਨਾਲ ਪ੍ਰਵਾਨਤ ਸ਼ਰਤਾਂ ਅਤੇ ਬਾਨ੍ਹਾਂ ਉੱਤੇ ਇਸ ਪਟੇ (Lease) ਵਿਚ ਵਾਧਾ ਕੀਤਾ ਜਾਵੇਗਾ।

(ੲ) ਇਹ ਜਮੀਨ ਜਿਸ ਮੰਤਵ ਲਈ ਪੰਜਾਬ ਸਰਕਾਰ ਨੂੰ ਦਿੱਤੀ ਜਾ ਰਹੀ ਹੈ, ਕੇਵਲ ਉਸ ਮੰਤਵ ਲਈ ਹੀ ਪੰਜਾਬ ਸਰਕਾਰ ਦੁਆਰਾ ਵਰਤੀ ਜਾਵੇਗੀ।

**ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਅਪੰਗ ਵਿਅਕਤੀਆਂ ਲਈ ਭਲਾਈ ਸ਼ਾਖਾ) ਵੱਲੋਂ ਜਾਰੀ ਪੱਤਰ ਲਾਗੂ ਕਰਨ ਦੀ ਪਰਵਾਨਗੀ।**

16. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਅਪੰਗ ਵਿਅਕਤੀਆਂ ਲਈ ਭਲਾਈ ਸ਼ਾਖਾ) ਵੱਲੋਂ ਜਾਰੀ ਪੱਤਰ ਨੰ: 1/46/2012-139/393 ਮਿਤੀ 30.4.2013 (**ਅੰਤਿਕਾ** ਅਨੁਸਾਰ) ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**B.A. Functional Hindi (Vocational course) ਦੇ ਅਧਿਆਦੇਸ਼ਾਂ ਦੀ ਪੁਸ਼ਟੀ।**

17. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ ‘ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 4.1.2013 ਦੇ ਪੈਰਾ ‘Z’ ਰਾਹੀਂ ਮਿਲੇ ਅਧਿਕਾਰਾਂ ਅਧੀਨ ਮੁਖੀ, ਹਿੰਦੀ ਵਿਭਾਗ ਅਤੇ ਡੀਨ, ਭਾਸ਼ਾਵਾਂ ਫੈਕਲਟੀ ਦੀ ਸਿਫਾਰਸ਼ ਨੂੰ ਮੁੱਖ ਰੱਖਦਿਆਂ B.A. Functional Hindi (Vocational Course) ਦੇ ਅਧਿਆਦੇਸ਼ (**ਅੰਤਿਕਾ** ਅਨੁਸਾਰ) ਪਰਵਾਨ ਕੀਤੇ ਹਨ।

**ਸਬੰਧਤ ਵਿਭਾਗਾਂ/ ਹੋਸਟਲ ਦਾ ਸਮਾਨ ਵੱਟੇ-ਖਾਤੇ ਪਾਉਣ ਦੀ ਪਰਵਾਨਗੀ।**

18. ਵਿਚਾਰ ਉਪਰੰਤ

**ਪਾਸ ਹੋਇਆ** ਕਿ -

(ੳ) ਬੋਟਾਨੀਕਲ ਤੇ ਇਨਵਾਇਰਨਮੈਂਟਲ ਸਾਇੰਸਜ਼ ਵਿਭਾਗ ਵਿਖੇ 369806/- ਰੁਪਏ ਕੀਮਤ ਦਾ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 18.6.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਮਾਤਾ ਨਾਨਕੀ ਗਰਲਜ਼ ਹੋਸਟਲ ਨੰ: 1 ਵਿਖੇ 524725/- ਰੁਪਏ ਕੀਮਤ ਦੇ ਕੰਪਿਊਟਰ ਅਤੇ ਹੋਰ ਸਮਾਨ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕਾ ਹੈ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 05.07.2013 ਦੀਆਂ

ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ।

(ੲ) ਸਪੋਰਟਸ ਵਿਭਾਗ ਅਤੇ ਲੈਂਡ ਸਕੇਪ ਵਿਭਾਗ ਵਿਖੇ ਹੇਠਾਂ ਦਰਸਾਏ ਵੇਰਵੇ ਅਨੁਸਾਰ ਦੋ ਟ੍ਰੈਕਟਰ, ਜੋ ਲੰਮੇ ਸਮੇਂ ਦੀ ਵਰਤੋਂ ਉਪਰੰਤ ਨਕਾਰਾ ਅਤੇ ਨਾ-ਵਰਤੋਂ ਯੋਗ ਹੋ ਚੁੱਕੇ ਹਨ, ਨੂੰ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਦੇ ਪੰਨਾ 131 ਉੱਤੇ ਸਟੈਚਿਊਟ 26(b)(5) ਅਧੀਨ ਵੱਟੇ ਖਾਤੇ ਪਾਉਣ ਲਈ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 8.8.2013 ਦੀਆਂ ਸਿਫਾਰਸ਼ਾਂ **ਅੰਤਿਕਾ** ਅਨੁਸਾਰ ਪਰਵਾਨ ਕੀਤੀਆਂ ਜਾਂਦੀਆਂ ਹਨ:-

| | **ਖ੍ਰੀਦ ਸਾਲ** | **ਕੀਮਤ (ਰੁ:)** |
|---|---|---|
| PB02-A-0302 (ਸਪੋਰਟਸ ਵਿਭਾਗ) | 1989 | 99484.00 |
| PJA- 8209 (ਲੈਂਡ ਸਕੇਪ ਵਿਭਾਗ) | 1981-82 | 76290.50 |

**ਐਮ.ਐਸਸੀ. (ਆਨਰਜ਼) ਜੂਆਲੋਜੀ ਦੇ ਵਿਦਿਆਰਥੀ- ਆਸ਼ੀਸ਼ ਡੋਗਰਾ ਨੂੰ ਲੇਟ ਫੀਸ ਨਾਲ ਦਾਖਲੇ ਦੀ ਪਰਵਾਨਗੀ।**

19. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਐਮ.ਐਸਸੀ. (ਆਨਰਜ਼) ਜੂਆਲੋਜੀ ਸਮੈਸਟਰ-ਪਹਿਲਾ ਦੇ ਵਿਦਿਆਰਥੀ- ਆਸ਼ੀਸ਼ ਡੋਗਰਾ ਨੂੰ ਸੈਸ਼ਨ 2013-14 ਦੌਰਾਨ 5000/- ਰੁਪਏ ਲੇਟ ਫੀਸ ਅਤੇ 5000/- ਰੁਪਏ ਵਧੀਕ ਜੁਰਮਾਨੇ ਨਾਲ ਦਾਖਲੇ ਦੀ ਆਗਿਆ ਦਿੱਤੀ ਜਾਂਦੀ ਹੈ।

**ਸਬੰਧਤ ਵਿਦਿਆਰਥੀਆਂ ਨੂੰ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

20. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਹੇਠਾਂ ਲਿਖੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਸੈਸ਼ਨ 2013-14 ਦੌਰਾਨ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| **ਕ੍ਰਮ ਨੰ:** | **ਨਾਮ** | **ਕਲਾਸ** | **ਸਿੰਡੀਕੇਟ ਦੀ ਪਰਵਾਨਗੀ ਨਾਲ ਦਾਖਲੇ ਦੀ ਆਖਰੀ ਮਿਤੀ** |
|---|---|---|---|
| 1. | ਜਯਾ ਪ੍ਰਸ਼ਾਂਤਾ ਦਾਰਜ਼ੀ | ਮਾਸਟਰ ਇਨ ਸਪੋਰਟਸ ਮੈਡੀਸਨ ਤੇ ਫਿਜ਼ੀਓਥਰਾਪੀ ਸਮੈਸਟਰ-ਪਹਿਲਾ | 12.8.2013 |
| 2. | ਅਨੁਰੀਤ ਕੌਰ | ਬੀ.ਐਸਸੀ. (ਆਨਰਜ਼ ਸਕੂਲ) ਹਿਊਮਨ ਜੈਨੇਟਿਕਸ ਸਮੈਸਟਰ-ਪਹਿਲਾ | - ਉਹੀ - |
| 3. | ਮਿਸ. ਮੋਨਿਕਾ | - ਉਹੀ - | - ਉਹੀ - |
| 4. | ਅਕਾਸ਼ ਗੁਪਤਾ | ਬੀ.ਐਸਸੀ. ਕੈਮਿਸਟਰੀ (ਆਨਰਜ਼ ਸਕੂਲ) ਸਮੈਸਟਰ-ਪਹਿਲਾ | - ਉਹੀ - |
| 5. | ਆਂਚਲ | - ਉਹੀ - | - ਉਹੀ - |
| 6. | ਸ਼ਰਨਜੀਤ ਕੌਰ | - ਉਹੀ - | - ਉਹੀ - |
| 7. | ਅੰਮ੍ਰਿਤਪਾਲ ਕੌਰ | - ਉਹੀ - | - ਉਹੀ - |
| 8. | ਸ਼ਿਵਾਨੀ ਠਾਕੁਰ | - ਉਹੀ - | - ਉਹੀ - |
| 9. | ਪੂਨਮ ਬਾਲਾ | - ਉਹੀ - | - ਉਹੀ - |

| | | | |
|---|---|---|---|
| 10. | ਸਿਮਰਨਦੀਪ ਕੌਰ | - ਉਹੀ - | - ਉਹੀ - |
| 11. | ਰਾਹੁਲ | ਬੀ.ਟੈਕ. (ECSE) ਸਮੈਸਟਰ-ਤੀਜਾ | 15.8.2013 |

**ਐਮ.ਏ. (ਪੁਲਿਸ ਐਡਮਿਨਿਸਟ੍ਰੇਸ਼ਨ) ਪ੍ਰਾਈਵੇਟ ਦੀ ਵਿਦਿਆਰਥਣ- ਹਰਪ੍ਰੀਤ ਕੌਰ ਨੂੰ ਜੁਰਮਾਨੇ ਸਹਿਤ ਫੀਲਡ ਵਰਕ ਰਿਪੋਰਟ ਜਮ੍ਹਾਂ ਕਰਾਉਣ ਦੀ ਪੁਸ਼ਟੀ।**

21. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਐਮ.ਏ. (ਪੁਲਿਸ ਐਡਮਿਨਿਸਟ੍ਰੇਸ਼ਨ) ਪ੍ਰਾਈਵੇਟ ਸਮੈਸਟਰ-ਚੌਥਾ ਦੀ ਵਿਦਿਆਰਥਣ- ਹਰਪ੍ਰੀਤ ਕੌਰ, ਰੋਲ ਨੰ: 21601100036, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 31.3.2013 ਤੱਕ ਆਪਣੀ ਫੀਲਡ ਵਰਕ ਰਿਪੋਰਟ ਜਮ੍ਹਾਂ ਨਹੀਂ ਕਰਵਾ ਸਕੀ, ਦੇ ਅਕਾਦਮਿਕ ਭਵਿੱਖ ਨੂੰ ਮੁੱਖ ਰੱਖਦਿਆਂ, ਬਣਦੀ ਸਾਧਾਰਣ ਫੀਸ ਤੋਂ ਇਲਾਵਾ 1000/- ਰੁਪਏ ਜੁਰਮਾਨਾ ਫੀਸ ਨਾਲ ਫੀਲਡ ਵਰਕ ਰਿਪੋਰਟ ਜਮ੍ਹਾਂ ਕਰਨ ਦੀ ਪਰਵਾਨਗੀ ਦਿੱਤੀ ਹੈ।

**ਐਮ.ਫਿਲ.(ਅੰਗਰੇਜੀ) ਦੇ ਵਿਦਿਆਰਥੀਆਂ ਨੂੰ ਜੁਰਮਾਨਾ ਫੀਸ ਸਹਿਤ ਖੋਜ ਨਿਬੰਧ ਜਮਾਂ ਕਰਾਉਣ ਦੀ ਪਰਵਾਨਗੀ।**

22. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2010-11 ਦੌਰਾਨ ਐਮ.ਫਿਲ.(ਅੰਗਰੇਜੀ) ਦੇ ਦੋ ਵਿਦਿਆਰਥੀ- ਮਲਿਕਾ, ਰੋਲ ਨੰ: 904176 ਅਤੇ ਵਿਜੈ ਬਰਨਾਰਡ, ਰੋਲ ਨੰ: 894255, ਜੋ ਨਿਸ਼ਚਿਤ ਸਮੇਂ ਅੰਦਰ ਭਾਵ ਮਿਤੀ 20.12.2011 ਤੱਕ ਆਪਣੇ ਖੋਜ ਨਿਬੰਧ ਜਮ੍ਹਾਂ ਨਹੀਂ ਕਰਵਾ ਸਕੇ, ਦੇ ਅਕਾਦਮਿਕ ਭੱਵਿਖ ਨੂੰ ਮੁੱਖ ਰੱਖਦਿਆਂ, ਬਣਦੀ ਫੀਸ ਤੋਂ ਇਲਾਵਾ 10000/- ਰੁਪਏ ਜੁਰਮਾਨਾ ਫੀਸ ਸਹਿਤ ਸਿੰਡੀਕੇਟ ਦੀ ਇੱਕਤਰਤਾ ਦੀ ਮਿਤੀ ਤੋਂ 90 ਦਿਨਾਂ ਦੇ ਅੰਦਰ-ਅੰਦਰ ਖੋਜ ਨਿਬੰਧ ਜਮਾਂ ਕਰਾਉਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਪ੍ਰਿੰਸੀਪਲ/ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ/ ਅਸਿਸਟੈਂਟ ਪ੍ਰੋਫੈਸਰ ਦੀਆਂ ਨਿਯੁਕਤੀਆਂ ਅਤੇ ਤਰੱਕੀਆਂ ਸਬੰਧੀ ਸੋਧਾਂ ਬਾਰੇ ਪੰਜਾਬ ਸਰਕਾਰ ਦਾ ਪੱਤਰ ਲਾਗੂ ਕਰਨ ਦੀ ਪਰਵਾਨਗੀ।**

23. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਵੱਲੋਂ ਜਾਰੀ ਪੱਤਰ ਨੰ: 10/6/2013-5ਸਿ.1/489 ਮਿਤੀ 5.8.2013 ਅਨੁਸਾਰ ਪ੍ਰਿੰਸੀਪਲ/ ਪ੍ਰੋਫੈਸਰ/ ਐਸੋਸੀਏਟ ਪ੍ਰੋਫੈਸਰ/ ਅਸਿਸਟੈਂਟ ਪ੍ਰੋਫੈਸਰ ਦੀਆਂ ਨਿਯੁਕਤੀਆਂ ਅਤੇ ਤਰੱਕੀਆਂ ਸਬੰਧੀ ਸੋਧਾਂ (**ਅੰਤਿਕਾ** ਅਨੁਸਾਰ) ਲਾਗੂ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਇਹ ਵੀ **ਪਾਸ ਹੋਇਆ** ਕਿ ਉਕਤ ਨਿਰਣਾ ਕਾਂਸਟੀਚੂਐਂਟ ਕਾਲਜਾਂ 'ਤੇ ਵੀ ਲਾਗੂ ਹੋਵੇਗਾ।

**Bachelor of Internet and Mobile Technologies (Four Years degree Course) ਦੀ ਯੋਗਤਾ ਸ਼ਰਤ ਦੀ ਪਰਵਾਨਗੀ।**

24. ਅਕਾਦਮਿਕ ਕੌਂਸਲ ਦੀ ਇੱਕਤਰਤਾ ਮਿਤੀ 4.1.2013 ਦੇ ਪੈਰਾ 'Z' ਰਾਹੀਂ ਮਿਲੇ ਅਧਿਕਾਰਾਂ ਅਧੀਨ ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2013-14 ਤੋਂ Bachelor of Internet and Mobile Technologies (Four Years degree Course) ਦੀ ਹੇਠ ਲਿਖੀ ਯੋਗਤਾ ਸ਼ਰਤ ਲਾਗੂ ਕੀਤੀ ਜਾਂਦੀ ਹੈ:-

> " +2 with mathematics in any stream or three years diploma in any field of engineering from any government approved Polytechnic or any other examination recognized by the Guru Nanak Dev University as equivalent thereto with minimum 40% marks in aggregate."

**ਯੁਵਕ ਭਲਾਈ ਸਲਾਹਕਾਰ ਕਮੇਟੀ ਦੀ ਇੱਕਤਰਤਾ ਮਿਤੀ 8.8.2013 ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

25. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੁਵਕ ਭਲਾਈ ਸਲਾਹਕਾਰ ਕਮੇਟੀ ਦੀ ਇੱਕਤਰਤਾ ਮਿਤੀ 8.8.2013 ਦੀ ਮੱਦ ਨੰ: 2,3,4 ਅਤੇ 5 ਅਧੀਨ ਕੀਤੀ ਸਿਫਾਰਸ਼ **ਅੰਤਿਕਾ** ਅਨੁਸਾਰ ਪਰਵਾਨ ਕੀਤੀ ਜਾਂਦੀ ਹੈ।

**ਸਬੰਧਤ ਉਮੀਦਵਾਰਾਂ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।**

26. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰਾਂ ਨੂੰ, ਹਰੇਕ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਅਜਮੇਰ ਸਿੰਘ | ਪੰਜਾਬ ਦੇ ਮਾਝਾ ਖੇਤਰ ਵਿਚ ਗਦਰ ਲਹਿਰ ਤੇ ਇਸ ਦਾ ਪ੍ਰਭਾਵ (1913-1947) | ਰਿਲੀਜਸ ਸਟੱਡੀਜ਼- ਹਿਊਮੈਨੇਟੀਜ਼ ਤੇ ਰਿਲੀਜਸ ਸਟੱਡੀਜ਼ ਫੈਕਲਟੀ। |
| 2. | ਨਿਪਿਨ ਕੋਹਲੀ | Synthesis, Characterization and Gas Sensing Properties of Chromium Oxide Nanoparticles. | ਫਿਜ਼ਿਕਸ- ਸਾਇੰਸਜ਼ ਫੈਕਲਟੀ। |
| 3. | ਮੁਹੰਮਦ ਸ਼ਫੀਕ | Anand Lehar Ki Hayat Aur Adabi Khidmaat Ka Jaiza. | ਉਰਦੂ- ਲੈਂਗੂਏਜ਼ਿਜ਼ ਫੈਕਲਟੀ। |
| 4. | ਰਿਆਜ਼ ਅਹਿਮਦ ਲੋਨ | 1960 Ke baad Urdu Ghazal Ke Fanni Imtiyazaat. | - ਉਹੀ - |
| 5. | ਅਜੇ ਕੱਕੜ | Efficeint Key Mechanisms in Multi-node Network for Secured Data Transmission. | ਇਲੈਕਟ੍ਰਾਨਿਕਸ ਤੇ ਟੈਕਨਾਲੋਜੀ- ਇੰਜੀਨੀਅਰਿੰਗ ਤੇ ਟੈਕਨਾਲੋਜੀ ਫੈਕਲਟੀ। |
| 6. | ਰਿਤੂ ਸ਼ਰਮਾ | Education System in Ancient Sanskrit Literature: A Study. | ਸੰਸਕ੍ਰਿਤ- ਲੈਂਗੂਏਜ਼ਿਜ਼ ਫੈਕਲਟੀ। |
| 7. | ਰਮਨਦੀਪ ਕੌਰ | Communal Politics in India: The Post Babri Masjid Phase | ਪੋਲੀਟੀਕਲ ਸਾਇੰਸ- ਆਰਟਸ ਤੇ ਸੋਸ਼ਲ ਸਾਇੰਸਜ਼ ਫੈਕਲਟੀ। |
| 8. | ਕਿਰਨ ਦੇਵੀ | Studies on In Vitro Propagation and Genetic Transformation in Saffron (Crocus Sativus L.) | ਬਾਇਓਟੈਕਨਾਲੋਜੀ- ਲਾਈਫ ਸਾਇੰਸਜ਼ ਫੈਕਲਟੀ। |
| 9. | ਅੰਜਨਾ ਮਹਿਰਾ | Globalization and Export Prospects of textile Industry in Punjab. | ਇਕਨਾਮਿਕਸ- ਇਕਨਾਮਿਕਸ ਤੇ ਬਿਜ਼ਨੈਸ ਫੈਕਲਟੀ। |
| 10. | ਪਰਵੀਨ ਕੁਮਾਰ | ਇਕੀਵੀਂ ਸਦੀ ਦੇ ਪਹਿਲੇ ਦਹਾਕੇ ਦੀ ਪੰਜਾਬੀ ਕਵਿਤਾ: ਉੱਤਰ-ਨਾਰੀਵਾਦੀ ਪਰਿਪੇਖ | ਪੰਜਾਬੀ- ਲੈਂਗੂਏਜ਼ਿਜ਼ ਫੈਕਲਟੀ। |
| 11. | ਅਨੁਰੀਤ ਕੌਰ | ਬਰਤਾਨਵੀ ਪੰਜਾਬੀ ਕਵਿਤਾ: ਪ੍ਰਗਤੀਵਾਦੀ ਚੇਤਨਾ (ਨਿਰੰਜਨ ਸਿੰਘ ਨੂਰ, ਸੰਤੋਖ ਸਿੰਘ ਸੰਤੋਖ, ਮੁਸ਼ਤਕ ਅਤੇ ਜਗਤਾਰ ਢਾਅ ਦੇ ਸੰਦਰਭ ਵਿਚ). | - ਉਹੀ - |

ਉਪ-ਕੁਲਪਤੀ ਸਾਹਿਬ ਦਾ ਬਿਆਨ।

27. ਯੂਨੀਵਰਸਿਟੀ ਵਿਖੇ ਚੱਲ ਰਹੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ:-

1. ਯੂਨੀਵਰਸਿਟੀ ਨੇ ਰਿਕਾਰਡ 22ਵੀਂ ਵਾਰ ਮੌਲਾਨਾ ਅਬੁਲ ਕਲਾਮ ਆਜ਼ਾਦ ਟਰਾਫੀ ਸਾਲ 2010-11 ਲਈ ਜਿੱਤ ਲਈ ਹੈ ਜੋ ਕਿ 31 ਅਗਸਤ, 2013 ਨੂੰ ਭਾਰਤ ਦੇ ਰਾਸ਼ਟਰਪਤੀ ਵਲੋਂ ਪ੍ਰਦਾਨ ਕੀਤੀ ਜਾਵੇਗੀ। ਸਾਲ 2012-13 ਲਈ ਯੂਨੀਵਰਸਿਟੀ ਆਲ ਇੰਡੀਆ ਪੱਧਰ 'ਤੇ 12ਵੀਂ ਵਾਰ ਰਨਰ-ਅਪ ਰਹੀ।

2. ਯੂਨੀਵਰਸਿਟੀ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਅਕਾਦਮਿਕ ਸੈਸ਼ਨ 2013-14 ਵਿੱਚ ਯੂਨੀਵਰਸਿਟੀ ਦੇ ਪ੍ਰੋਫੈਸ਼ਨਲ ਕੋਰਸਾਂ ਲਈ ਦਾਖਲੇ ਦੇ ਚਾਹਵਾਨ ਵਿਦਿਆਰਥੀਆਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਪ੍ਰਮੁੱਖਤਾ ਦਿੱਤੀ। ਜਿਵੇਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ, ਕੈਂਪਸ ਵਿਚ ਐਜੂਕੇਸ਼ਨ ਵਿਭਾਗ ਸ਼ੁਰੂ ਕੀਤਾ ਗਿਆ ਹੈ ਜਿਸ ਵਿੱਚ ਇਸ ਅਕਾਦਮਿਕ ਸੈਸ਼ਨ ਤੋਂ ਐਮ.ਐਡ. ਦੀਆਂ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ।

3. ਇਸ ਅਕਾਦਮਿਕ ਸੈਸ਼ਨ ਤੋਂ ਲੜਕੀਆਂ ਲਈ ਇਕ ਹੋਰ ਹੋਸਟਲ ਤਿਆਰ ਹੋ ਗਿਆ ਹੈ ਜਿਸ ਦੀ ਅਲਾਟਮੈਂਟ ਸ਼ੁਰੂ ਕਰ ਦਿੱਤੀ ਗਈ ਹੈ।

4. ਯੂਨੀਵਰਸਿਟੀ ਨੂੰ 12ਵੇਂ ਪਲਾਨ ਅਧੀਨ ਯੂ.ਜੀ.ਸੀ. ਵਲੋਂ 26.31 ਕਰੋੜ ਰੁਪਏ ਦੀ ਗ੍ਰਾਂਟ ਪ੍ਰਾਪਤ ਹੋਵੇਗੀ। ਇਸ ਤੋਂ ਇਲਾਵਾ 10.00 ਕੋਰੜ ਰੁਪਏ ਦੀ ਹੋਰ ਗ੍ਰਾਂਟ ਨਾਨ ਨੈੱਟ ਫੈਲੋਸ਼ਿਪ ਲਈ ਵੀ ਮਿਲੇਗੀ।

5. ਪ੍ਰੋਫੈਸਰ ਦਲਬੀਰ ਸਿੰਘ ਸੋਗੀ, ਫੂਡ ਸਾਇੰਸ ਐਂਡ ਟੈਕਨਾਲੋਜੀ ਵਿਭਾਗ ਨੂੰ ਮਨਿਸਟਰੀ ਆਫ ਸਾਇੰਸ ਐਂਡ ਟੈਕਨਾਲੋਜੀ, ਭਾਰਤ ਸਰਕਾਰ ਵਲੋਂ ਉੱਤਰ ਭਾਰਤ ਵਿਚ ਖਾਧ-ਪਦਾਰਥਾਂ ਦੇ ਨਾਲ ਹੋਣ ਵਾਲੇ ਸਲਾਇਕਾ ਰੋਗਾਂ ਨਾਲ ਪੀੜਤ ਮਰੀਜਾਂ ਬਾਰੇ ਅਧਿਐਨ ਕਰਨ ਵਾਸਤੇ ਰਿਸਰਚ ਪ੍ਰੋਜੈਕਟ ਲਈ 42.5 ਲੱਖ ਦੀ ਗ੍ਰਾਂਟ ਮੰਜੂਰ ਹੋਈ ਹੈ।

6. ਗੁਰੂ ਨਾਨਕ ਸਟੱਡੀਜ਼ ਵਿਭਾਗ ਵੱਲੋਂ DRS-I ਸਕੀਮ ਨੂੰ ਸਫਲਤਾਪੂਰਵਕ ਲਾਗੂ ਕਰਨ ਤੇ ਯੂ.ਜੀ.ਸੀ. ਵਲੋਂ ਰਿਵੀਊ ਕਰਨ ਤੋਂ ਬਾਅਦ ਇਸ ਸਕੀਮ ਨੂੰ DRS-II ਵਿਚ upgrade ਕਰਨ ਅਤੇ ਵਿਭਾਗ ਨੂੰ 60.00 ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

7. ਮਾਈਕ੍ਰੋਬਿਆਲੋਜੀ ਵਿਭਾਗ ਵਲੋਂ DRS-I ਸਕੀਮ ਨੂੰ ਸਫਲਤਾਪੂਰਵਕ ਲਾਗੂ ਕਰਨ ਤੇ ਯੂ.ਜੀ.ਸੀ. ਵਲੋਂ ਰਿਵੀਊ ਕਰਨ ਤੋਂ ਬਾਅਦ ਇਸ ਸਕੀਮ ਨੂੰ DRS-II ਵਿਚ upgrade ਕਰਨ ਅਤੇ ਵਿਭਾਗ ਨੂੰ 54.00 ਲੱਖ ਰੁਪਏ ਦੀ ਗ੍ਰਾਂਟ ਦੇਣ ਦੀ ਪ੍ਰਵਾਨਗੀ ਦਿੱਤੀ ਹੈ।

8. ਯੂ.ਜੀ.ਸੀ. ਨੇ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਅਤੇ ਸਪੋਰਟਸ ਮੈਡੀਸਨ ਐਂਡ ਫਿਜ਼ੀਓਥਰਾਪੀ ਵਿਭਾਗ ਨੂੰ DRS-I ਸਕੀਮ ਲਈ ਮੰਜੂਰੀ ਦਿੱਤੀ ਹੈ ਜਿਸ ਤਹਿਤ ਇਨ੍ਹਾਂ ਵਿਭਾਗਾਂ ਨੂੰ ਕ੍ਰਮਵਾਰ 56.00 ਲੱਖ ਰੁਪਏ ਅਤੇ 47.90 ਲੱਖ ਰੁਪਏ ਦੀ ਗ੍ਰਾਂਟ ਦੀ ਪ੍ਰਵਾਨਗੀ ਦਿੱਤੀ ਹੈ।

9. ਪ੍ਰੋਫੈਸਰ ਆਰ.ਕੇ. ਮਹਾਜਨ, ਕੈਮਿਸਟਰੀ ਵਿਭਾਗ ਨੂੰ ਉਨ੍ਹਾਂ ਵੱਲੋਂ ਕੈਮਿਸਟਰੀ ਦੇ ਖੇਤਰ ਵਿਚ ਪਾਏ ਵੱਡਮੁੱਲੇ ਯੋਗਦਾਨ ਸਦਕਾ Chemical Research Society of India ਵਲੋਂ CRSI Bronze Medal ਲਈ ਚੁਣਿਆ ਗਿਆ ਹੈ ਜੋ ਕਿ ਉਨ੍ਹਾਂ ਨੂੰ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ, ਮੁੰਬਈ ਵਿਖੇ 6-9 ਫਰਵਰੀ, 2014 ਨੂੰ ਪ੍ਰਦਾਨ

ਕੀਤਾ ਜਾਵੇਗਾ।

10. ਡਾ. ਪਰਮਜੀਤ ਸਿੰਘ ਜੱਜ, ਪ੍ਰੋਫੈਸਰ, ਸੋਸ਼ਿਆਲੋਜੀ ਵਿਭਾਗ ਨੂੰ Indian Council of Social Science Research, Ministry of Human Resource Development, Govt. of India, New Delhi ਵਲੋਂ Dr. B.R. Ambedkar National Fellowship (for Studies in Social Justice) ਪ੍ਰਦਾਨ ਕੀਤੀ ਗਈ ਹੈ।

11. ਪੰਜਾਬ ਸਕੂਲ ਆਫ ਇਕਨਾਮਿਕਸ ਦੇ ਪ੍ਰੋਫੈਸਰ ਅਮਰਜੀਤ ਸਿੰਘ ਸੇਠੀ ਨੂੰ ਮਿਤੀ 26.7.2013 ਨੂੰ Indian Association for Research in National Income and Wealth, New Delhi ਵਲੋਂ ਹੋਰ ਦੋ ਸਾਲਾਂ ਲਈ Executive Committee ਦਾ ਮੈਂਬਰ ਚੁਣਿਆ ਗਿਆ ਹੈ।

12. ਸ. ਬਲਵਿੰਦਰ ਸਿੰਘ, ਮੁਖੀ, ਗੁਰੂ ਰਾਮਦਾਸ ਸਕੂਲ ਆਫ ਪਲਾਨਿੰਗ ਨੂੰ ਇੰਡੀਅਨ ਇੰਸਟੀਚਿਊਟ ਫਾਰ ਟੈਕਨੀਕਲ ਐਜੂਕੇਸ਼ਨ ਵਲੋਂ ਮਿਤੀ 26.7.2013 ਨੂੰ Best Teacher Award-2013 ਨਾਲ ਸਨਮਾਨਿਤ ਕੀਤਾ ਗਿਆ।

13. ਡਾ. ਜਗਜੀਤ ਕੌਰ, ਡਾਇਰੈਕਟਰ, ਯੁਵਕ ਭਲਾਈ ਨੂੰ ਪੰਜਾਬ ਸੰਗੀਤ ਨਾਟਕ ਅਕਾਦਮੀ, ਚੰਡੀਗੜ੍ਹ ਦੁਆਰਾ ਸਲਾਹਕਾਰ ਬੋਰਡ ਦੇ ਵਿਸ਼ੇਸ਼ ਮੈਂਬਰ ਵਜੋਂ ਤਿੰਨ ਸਾਲਾਂ ਲਈ ਨਾਮਜ਼ਦ ਕੀਤਾ ਹੈ।

14. ਇਲੈਕਟ੍ਰੋਨਿਕਸ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਰਵਿੰਦਰ ਕੁਮਾਰ ਨੇ ਮਿਤੀ 30 ਜੂਨ-5 ਜੁਲਾਈ, 2013 ਨੂੰ ਸਿੰਘਾਪੁਰ ਵਿਖੇ ਅਤੇ 24-26 ਜੁਲਾਈ, 2013 ਨੂੰ ਚੇਨੱਈ ਵਿਖੇ ਹੋਈਆਂ ਅੰਤਰਰਾਸ਼ਟਰੀ ਕਾਨਫਰੰਸਾਂ ਵਿਖੇ ਖੋਜ-ਪੱਤਰ ਪੇਸ਼ ਕੀਤੇ।

15. ਪਲੇਸਮੈਂਟ ਵਿਭਾਗ ਦੇ ਯਤਨਾਂ ਸਦਕਾ Axis Bank ਵਲੋਂ ਐਮ.ਬੀ.ਏ. ਦੇ 36 ਵਿਦਿਆਰਥੀਆਂ ਅਤੇ ਪ੍ਰਸਿੱਧ ਫਾਰਮਾਸੀਊਟੀਕਲ ਕੰਪਨੀ Perkinelmer ਵਲੋਂ ਲਾਈਫ ਸਾਇੰਸਜ਼ ਨਾਲ ਸਬੰਧਤ ਕੋਰਸਾਂ ਦੇ ਦੋ ਵਿਦਿਆਰਥੀਆਂ ਨੂੰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤਰ੍ਹਾਂ ਹੁਣ ਤੱਕ ਬੈਚ-2013 ਦੇ ਕੁਲ 474 ਵਿਦਿਆਰਥੀਆਂ ਦੀ ਪਲੇਸਮੈਂਟ ਹੋ ਚੁੱਕੀ ਹੈ।

16. ਅਕਾਦਮਿਕ ਸਟਾਫ ਕਾਲਜ ਵਲੋਂ ਮਿਤੀ 1 ਅਗਸਤ, 2013 ਤੋਂ 28 ਦਿਨਾਂ ਜਨਰਲ ਓਰੀਐਂਟੇਸ਼ਨ ਕੋਰਸ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਦੇਸ਼ ਦੇ ਵੱਖ-ਵੱਖ ਭਾਗਾਂ ਤੋਂ 15 ਅਧਿਆਪਕਾਂ ਨੇ ਭਾਗ ਲਿਆ।

17. ਮਿਤੀ 23-28 ਜੁਲਾਈ, 2013 ਨੂੰ ਨਵੀਂ ਦਿੱਲੀ ਵਿਖੇ ਹੋਏ ਫੈਡਰੇਸ਼ਨ ਕੱਪ ਹਾਕੀ (Men) ਟੂਰਨਾਮੈਂਟ ਵਿੱਚ ਹੋਏ ਮੁਕਾਬਲੇ ਵਿੱਚ ਪੰਜਾਬ ਸਟੇਟ ਹਾਕੀ ਦੀ ਟੀਮ, ਜਿਸ ਵਿਚ ਯੂਨੀਵਰਸਿਟੀ ਦੇ ਸੱਤ ਖਿਡਾਰੀ ਸਨ, ਵਿਜੇਤਾ ਰਹੀ। ਪੰਜਾਬ ਸੋਫਟਬਾਲ ਐਸੋਸੀਏਸ਼ਨ ਵਲੋਂ ਯੂਨੀਵਰਸਿਟੀ ਦੇ ਸਹਿਯੋਗ ਨਾਲ ਮਿਤੀ 9-11 ਅਗਸਤ, 2013 ਨੂੰ ਯੂਨੀਵਰਸਿਟੀ ਕੈਂਪਸ ਵਿਖੇ National Federation Cup Softball (M&W) ਆਯੋਜਿਤ ਕੀਤਾ ਗਿਆ ਜਿਸ ਵਿਚ ਕੁਲ 16 ਟੀਮਾਂ ਨੇ ਹਿੱਸਾ ਲਿਆ। ਪੰਜਾਬ ਸੋਫਟਬਾਲ ਐਸੋਸੀਏਸ਼ਨ ਦੀਆਂ ਦੋਵੇਂ Men ਅਤੇ Women ਟੀਮਾਂ, ਜਿਸ ਵਿਚ ਯੂਨੀਵਰਸਿਟੀ ਦੇ 13 ਪੁਰਸ਼ ਖਿਡਾਰੀਆਂ ਅਤੇ 12 ਮਹਿਲਾ ਖਿਡਾਰਣਾਂ ਨੇ ਹਿੱਸਾ ਲਿਆ, ਵਿਜੇਤਾ ਰਹੀਆਂ।

**ਸਿੰਡੀਕੇਟ ਨੇ ਯੂਨੀਵਰਸਿਟੀ ਵਿਖੇ ਚੱਲ ਰਹੀਆਂ ਉਕਤ ਵੱਖ-ਵੱਖ ਗਤੀਵਿਧੀਆਂ ‘ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।**

**ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ।**

28. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਅਗਲੀ ਇੱਕਤਰਤਾ ਦੀ ਮਿਤੀ ਨਿਸ਼ਚਿਤ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।

**ਵਿੱਤ ਕਮੇਟੀ ਦੀ ਇੱਕਤਰਤਾ ਮਿਤੀ 27.8.2013 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

29. ਵਿਚਾਰ ਉਪਰੰਤ

**ਪਾਸ ਹੋਇਆ** ਕਿ ਵਿੱਤ ਕਮੇਟੀ ਦੀ ਇੱਕਤਰਤਾ ਮਿਤੀ 27.8.2013 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 14.8.2013 ਦੀਆਂ ਸਿਫ਼ਾਰਸ਼ਾਂ ਦੀ ਪਰਵਾਨਗੀ।**

30. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੇ ਵੱਖ-ਵੱਖ ਨਿਰਣਿਆਂ ਨੂੰ ਮੁੱਖ ਰੱਖਦਿਆਂ ਰੈਗੂਲੇਸ਼ਨਜ਼ ਕਮੇਟੀ ਦੀ ਇੱਕਤਰਤਾ ਮਿਤੀ 14.8.2013 ਦੀਆਂ ਸਿਫ਼ਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

**ਪੀਐਚ.ਡੀ. ਦੇ ਅਧਿਆਦੇਸ਼ ਵਿਚ ਸੋਧ ਬਾਰੇ ਰਿਸਰਚ ਡਿਗਰੀ ਬੋਰਡ ਦੀ ਸਿਫ਼ਾਰਸ਼ ਦੀ ਪਰਵਾਨਗੀ।**

31. ਵਿਚਾਰ ਉਪਰੰਤ

**ਪਾਸ ਹੋਇਆ** ਕਿ ਰਿਸਰਚ ਡਿਗਰੀ ਬੋਰਡ ਦੀ ਇੱਕਤਰਤਾ ਮਿਤੀ 29.5.2013 ਦੀ ਮੱਦ ਨੰ: 2 ਅਤੇ 4 ਅਧੀਨ ਪੀਐਚ.ਡੀ. ਦੇ ਅਧਿਆਦੇਸ਼ ਵਿਚ ਸੋਧ ਸਬੰਧੀ ਕੀਤੀ ਸਿਫ਼ਾਰਸ਼ (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।

**ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਸਾਲ 2014-15 ਤੋਂ ਐਮ.ਬੀ.ਏ. (FYIC) ਕੋਰਸ ਵਿਚ ਦਾਖਲਾ in abeyance ਰੱਖਣ ਦੀ ਪਰਵਾਨਗੀ।**

32. ਵਿਚਾਰ ਉਪਰੰਤ

**ਪਾਸ ਹੋਇਆ** ਕਿ ਯੂਨੀਵਰਸਿਟੀ ਕਾਲਜ, ਜਲੰਧਰ ਵਿਖੇ ਸਾਲ 2014-15 ਤੋਂ ਐਮ.ਬੀ.ਏ. (FYIC) ਕੋਰਸ ਵਿਚ ਦਾਖਲਾ in abeyance ਰੱਖਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

**ਸਬੰਧਤ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਵਾਧਾ।**

33. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਪੋਰਟਸ ਵਿਭਾਗ ਦੇ ਹੇਠ ਲਿਖੇ ਕੋਚਾਂ ਦੀ ਕੰਟ੍ਰੈਕਟ ਨਿਯੁਕਤੀ ਦੀ ਮਿਆਦ ਵਿਚ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਛੇ ਮਹੀਨੇ ਲਈ ਜਾਂ ਅਸਾਮੀ ਰੈਗੂਲਰ ਤੌਰ 'ਤੇ ਭਰੇ ਜਾਣ ਤੱਕ, ਜੋ ਵੀ ਪਹਿਲਾਂ ਹੋਵੇ, ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ 'ਤੇ ਵਾਧਾ ਕੀਤਾ ਜਾਂਦਾ ਹੈ:-

| ਕ੍ਰਮ ਨੰ: | ਨਾਮ | |
|---|---|---|
| 1. | ਸ੍ਰੀ ਹਰਪ੍ਰੀਤ ਸਿੰਘ, ਐਥਲੈਟਿਕਸ ਕੋਚ | ਡਿਊਟੀ 'ਤੇ ਹਾਜ਼ਰ ਹੋਣ ਦੀ ਮਿਤੀ ਤੋਂ |
| 2. | ਸ੍ਰੀ ਰਾਜੇਸ਼ ਕੌਸ਼ਿਕ, ਸਾਈਕਲਿੰਗ ਕੋਚ | - ਉਹੀ - |

| | | | |
|---|---|---|---|
| 3. | ਮਿਸ. ਫੁਲਬਾਗ ਕੌਰ, ਆਰਚਰੀ ਕੋਚ | - ਉਹੀ - | |
| | | **ਬ੍ਰੇਕ ਦੀ ਮਿਤੀ** | **ਨਿਯੁਕਤੀ ਦੀ ਮਿਤੀ** |
| 4. | ਸ੍ਰੀ ਹਰੇਸ਼ ਕੁਮਾਰ, ਆਰਚਰੀ ਕੋਚ | 5.9.2013 | 6.9.2013 |
| 5. | ਸ੍ਰੀ ਪਰਦੀਪ ਕੁਮਾਰ, ਫੁਟਬਾਲ ਕੋਚ | 25.9.2013 | 26.9.2013 |

ਸਬੰਧਤ ਵਿਦਿਆਰਥੀਆਂ ਦਾ 10000/- ਰੁਪਏ ਜੁਰਮਾਨਾ ਫੀਸ ਨਾਲ ਦਾਖਲੇ ਦੀ ਪਰਵਾਨਗੀ।

34. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਵਿਦਿਆਰਥੀਆਂ ਨੂੰ, ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 10000/- ਰੁਪਏ ਜੁਰਮਾਨਾ ਫੀਸ ਨਾਲ ਵਿਸ਼ੇਸ਼ ਤੌਰ 'ਤੇ ਦਾਖਲੇ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਕਲਾਸ/ਕੋਰਸ |
|---|---|---|
| 1. | ਪ੍ਰੀਤੀ ਸ਼ਰਮਾ | ਐਮ.ਬੀ.ਏ. (FYIC) ਸਮੈਸਟਰ- ਤੀਜਾ, ਰਿਜਨਲ ਕੈਂਪਸ, ਜਲੰਧਰ<br>ਰੋਲ ਨੰ: 602 |
| 2. | ਅਰਸ਼ਦੀਪ ਸਿੰਘ ਭੁੱਲਰ | ਬੀ.ਟੈਕ. (ਕੰਪਿਊਟਰ ਇੰਜੀਨੀਅਰਿੰਗ) ਸਮੈਸਟਰ-ਪੰਜਵਾਂ<br>ਰੋਲ ਨੰ: 2011CSA2055 |

ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੂੰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।

35. ਵਿਚਾਰ ਉਪਰੰਤ

**ਪਾਸ ਹੋਇਆ** ਕਿ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਵੱਖ-ਵੱਖ ਕਲਾਸਾਂ ਦੇ ਹੇਠ ਲਿਖੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| ਕ੍ਰਮ ਨੰ: | ਰੋਲ ਨੰ: | ਨਾਮ | ਸਮੈਸਟਰ |
|---|---|---|---|
| 1. | 2011CSA2038 | ਹਰਸਿਮਰਨ ਕੌਰ | ਬੀ.ਟੈਕ.(ਸੀ.ਈ.) ਸਮੈਸਟਰ-ਪੰਜਵਾਂ |
| 2. | 2011CSA2047 | ਹਰਪ੍ਰੀਤ ਮਾਨ | ਬੀ.ਟੈਕ.(ਸੀ.ਈ.) ਸਮੈਸਟਰ-ਪੰਜਵਾਂ |
| 3. | 2011CSA2029 | ਰੂਬਲਜੋਤ ਕੌਰ | ਬੀ.ਟੈਕ.(ਸੀ.ਈ.) ਸਮੈਸਟਰ-ਪੰਜਵਾਂ |
| 4. | 2011CSC1024 | ਲਵ ਸ਼ਰਮਾ | ਐਮ.ਸੀ.ਏ. (ਸਾਢੇ ਪੰਜ ਸਾਲਾ) ਕੋਰਸ ਸਮੈਸਟਰ-ਪੰਜਵਾਂ |
| 5. | 1001 | ਅਰਸ਼ਦੀਪ ਸਿੰਘ | ਐਮ.ਸੀ.ਏ. (ਸਾਢੇ ਪੰਜ ਸਾਲਾ) ਕੋਰਸ ਸਮੈਸਟਰ-ਤੀਜਾ |

**ਮਾਸਟਰ ਇਨ ਪਲਾਨਿੰਗ (ਇਨਫ੍ਰਾਸਟਰਕਚਰ) ਕੋਰਸ ਵਿਚ 5000/- ਰੁਪਏ ਲੇਟ ਫੀਸ ਨਾਲ ਖਾਲੀ ਸੀਟਾਂ ਵਿਰੁੱਧ ਦਾਖਲੇ ਦੀ ਪੁਸ਼ਟੀ।**

36. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਮਾਸਟਰ ਇਨ ਪਲਾਨਿੰਗ (ਇਨਫ੍ਰਾਸਟਰਕਚਰ) ਕੋਰਸ ਵਿਚ 5000/- ਰੁਪਏ ਲੇਟ ਫੀਸ ਨਾਲ ਖਾਲੀ ਸੀਟਾਂ ਵਿਰੁੱਧ ਦਾਖਲੇ ਦੀ ਆਗਿਆ ਦਿੱਤੀ ਹੈ:-

| ਕ੍ਰਮ ਨੰ: | ਨਾਮ | ਦਾਖਲੇ ਦੀ ਮਿਤੀ |
|---|---|---|
| 1. | ਗੋਰਵ ਮਹਾਜਨ | 8.8.2013 |
| 2. | ਅਤੁਲ ਸ਼ਿਵੋਮ | 12.8.2013 |

**ਐਮ.ਪੀ.ਐਡ. ਸਾਲ-ਦੂਜਾ ਵਿਚ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।**

37. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸਰੀਰਕ ਸਿੱਖਿਆ ਵਿਭਾਗ(ਟੀਚਿੰਗ) ਵਿਖੇ ਐਮ.ਪੀ.ਐਡ. ਸਾਲ-ਦੂਜਾ ਵਿਚ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| ਕ੍ਰਮ ਨੰ: | ਨਾਮ ਅਤੇ ਰੋਲ ਨੰ: | ਦਾਖਲੇ ਦੀ ਮਿਤੀ |
|---|---|---|
| 1. | ਗੁਰਪ੍ਰੀਤ ਕੌਰ<br>32 | 12.8.2013 |
| 2. | ਸੁਨੀਲ<br>46 | 8.8.2013 |
| 3. | ਹਰਪ੍ਰੀਤ ਸਿੰਘ<br>47 | 7.8.2013 |

**4,9,14 ਸਾਲ ਦੀ ਸੇਵਾ ਸਕੀਮ ਅਧੀਨ ਸਬੰਧਤ ਅਧਿਕਾਰੀਆਂ ਨੂੰ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ।**

38. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/479 ਮਿਤੀ 22.7.2011 ਦੀ ਲਗਾਤਾਰਤਾ ਵਿਚ ਨੋਟੀਫਿਕੇਸ਼ਨ ਨੰ: 7/60/2006-5 ਪੀਪੀI/876 ਮਿਤੀ 20.12.2011 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ Assured Career Progression Scheme ਅਧੀਨ ਹੇਠ ਲਿਖੇ ਅਧਿਕਾਰੀਆਂ ਨੂੰ, ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ 4,9,14 ਸਾਲ ਦੀ ਸੇਵਾ ਸਕੀਮ ਅਧੀਨ ਬਣਦਾ ਵਿੱਤੀ ਲਾਭ ਦੇਣ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਲੜੀ ਨੰ: | ਕਰਮਚਾਰੀ ਦਾ ਨਾਮ/ਅਹੁਦਾ | ਕੇਡਰ ਵਿੱਚ ਸਰਵਿਸ | ਜਿਸ ਮਿਤੀ ਤੋਂ ਇੰਕਰੀਮੈਂਟ ਦੇਣੀ ਹੈ/ ਇੰਕਰੀਮੈਂਟ ਦੀ ਰਕਮ(ਰੁ:) | ਬਣਦੀ ਬੇਸਿਕ ਤਨਖਾਹ(ਰੁ:) |
|---|---|---|---|---|
| 1. | ਸ. ਬਸੰਤ ਸਿੰਘ, ਨਿਗਰਾਨ | 4 ਸਾਲਾ | 1.9.2013 ਤੋਂ 830/- | 22880+5400G.P.= 28280/- |
| 2. | ਸ੍ਰੀਮਤੀ ਹਰਵੰਤ ਕੌਰ, ਨਿਗਰਾਨ | 4 ਸਾਲਾ | 1.9.2013 ਤੋਂ 810/- | 22290+5400G.P =27690/- |
| 3. | ਸ੍ਰੀ ਪਿਆਰਾ ਸਿੰਘ, ਨਿਗਰਾਨ | 4 ਸਾਲਾ | 6.8.2013 ਤੋਂ 810/- | 22290+5400 G.P. =27690/- |

ਡਾ. ਬਲਵਿੰਦਰ ਸਿੰਘ ਦੇ ਕੇਸ ਵਿਚ ਸਿੰਡੀਕੇਟ ਦੀ ਇੱਕਤਰਤਾ ਮਿਤੀ 13.3.2013 ਦੇ ਪੈਰਾ ਨੰ: 54 ਵਿਚ ਸੋਧ ਦੀ ਪਰਵਾਨਗੀ।

39. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 13.3.2013 ਦੀ ਕਾਰਵਾਈ ਦੇ ਪੈਰਾ ਨੰ: 54 ਅਧੀਨ ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵਿਖੇ ਵਿਦਿਆਰਥੀਆਂ ਦੇ ਲੈਕਚਰਾਂ ਦੀ ਘਾਟ (Shortage of lectures) ਸਬੰਧੀ ਡਾ. ਬਲਵਿੰਦਰ ਸਿੰਘ ਵਲੋਂ ਉਚਿਤ ਵਿਧੀ (Proper procedure) ਨਾ ਅਪਨਾਉਣ ਅਤੇ ਬੇਕਾਇਦਗੀਆਂ (irregularities) ਬਾਰੇ ਪੜਤਾਲੀਆ ਅਫਸਰ- ਸ੍ਰੀ ਬੀ.ਐਸ. ਰਤਨ IRS(Retd.) ਦੀ ਪੜਤਾਲੀਆ ਰਿਪੋਰਟ ਮਿਤੀ 11.10.2012 ਸਬੰਧੀ ਲਏ ਗਏ ਨਿਰਣੇ ਵਿਚ ਹੇਠ ਲਿਖੇ ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਵਰਤਮਾਨ ਨਿਰਣਾ | ਸੋਧਿਆ ਨਿਰਣਾ |
|---|---|
| **ਪਾਸ ਹੋਇਆ** ਕਿ ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵਿਖੇ ਵਿਦਿਆਰਥੀਆਂ ਦੇ ਲੈਕਚਰਾਂ ਦੀ ਘਾਟ (Shortage of lectures) ਸਬੰਧੀ ਡਾ. ਬਲਵਿੰਦਰ ਸਿੰਘ ਵਲੋਂ ਉਚਿਤ ਵਿਧੀ (Proper procedure) ਨਾ ਅਪਨਾਉਣ ਅਤੇ ਬੇਕਾਇਦਗੀਆਂ (irregularities) ਬਾਰੇ ਪੜਤਾਲੀਆ ਅਫਸਰ- ਸ੍ਰੀ ਬੀ.ਐਸ. ਰਤਨ IRS(Retd.) ਦੀ ਪੜਤਾਲੀਆ ਰਿਪੋਰਟ ਮਿਤੀ 11.10.2012 (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।<br>ਇਹ ਵੀ **ਪਾਸ ਹੋਇਆ** ਕਿ ਡਾ. ਬਲਵਿੰਦਰ ਸਿੰਘ, ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਰੁੱਧ regular enquiry ਕਰਨ ਲਈ ਪੜਤਾਲੀਆ ਅਫਸਰ ਦੀ ਨਿਯੁਕਤੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ। | ਪਾਸ ਹੋਇਆ ਕਿ-<br>(i) ਕਾਮਰਸ ਤੇ ਬਿਜ਼ਨੈਸ ਮੈਨੇਜਮੈਂਟ ਵਿਭਾਗ ਵਿਖੇ ਵਿਦਿਆਰਥੀਆਂ ਦੇ ਲੈਕਚਰਾਂ ਦੀ ਘਾਟ (Shortage of lectures) ਸਬੰਧੀ ਡਾ. ਬਲਵਿੰਦਰ ਸਿੰਘ ਵਲੋਂ ਉਚਿਤ ਵਿਧੀ (Proper procedure) ਨਾ ਅਪਨਾਉਣ ਅਤੇ ਬੇਕਾਇਦਗੀਆਂ (irregularities) ਬਾਰੇ ਪੜਤਾਲੀਆ ਅਫਸਰ- ਸ੍ਰੀ ਬੀ.ਐਸ. ਰਤਨ IRS(Retd.) ਦੀ ਪੜਤਾਲੀਆ ਰਿਪੋਰਟ ਮਿਤੀ 11.10.2012 (**ਅੰਤਿਕਾ** ਅਨੁਸਾਰ) ਪਰਵਾਨ ਕੀਤੀ ਜਾਂਦੀ ਹੈ।<br>(ii) ਉਕਤ ਕੇਸ ਬਾਰੇ ਚਾਰਜ਼ਸ਼ੀਟ ਜਾਰੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ।<br>(iii) ਉਕਤ ਕੇਸ ਬਾਰੇ ਚਾਰਜ਼ਸ਼ੀਟ ਦਾ ਉੱਤਰ ਤੱਸਲੀਬਖਸ਼ ਨਾ ਹੋਣ ਦੀ ਸੂਰਤ ਵਿੱਚ ਕੇਸ ਦੀ Regular Enquiry ਕਰਨ ਲਈ ਪੜਤਾਲੀਆ ਅਫਸਰ ਦੀ ਨਿਯੁਕਤੀ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਜਾਂਦੇ ਹਨ। |

ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਸੈਸ਼ਨ 2013-14 ਤੋਂ 2018-19 ਤੱਕ 6 ਸਾਲ ਲਈ **Autonomous Status** ਦੇਣ ਦੀ ਪੁਸ਼ਟੀ।

40. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ, ਬਹਾਦੁਰ ਸ਼ਾਹ ਜ਼ਫਰ ਮਾਰਗ, ਨਵੀਂ ਦਿੱਲੀ ਵੱਲੋਂ ਜਾਰੀ ਪੱਤਰ ਨੰ: F.22-1/2013(AC) ਮਿਤੀ 22.5.2013 (**ਅੰਤਿਕਾ** ਅਨੁਸਾਰ) ਨੂੰ ਮੁੱਖ ਰੱਖਦਿਆਂ ਯੂ.ਜੀ.ਸੀ. ਦੀ Autonomous College Scheme ਅਧੀਨ ਖਾਲਸਾ ਕਾਲਜ, ਅੰਮ੍ਰਿਤਸਰ ਨੂੰ ਸੈਸ਼ਨ 2013-14 ਤੋਂ 2018-19 ਤੱਕ 6 ਸਾਲ ਲਈ Autonomous Status ਦੇਣ ਦੀ ਪਰਵਾਨਗੀ ਦਿੱਤੀ ਹੈ।

ਸਿੰਡੀਕੇਟ ਨੇ ਉਕਤ ਅਨੁਸਾਰ ਖਾਲਸਾ ਕਾਲਜ ਨੂੰ Autonomous Status ਦਿਵਾਉਣ ਲਈ ਕਾਲਜ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਵੱਲੋਂ ਚੁੱਕੇ ਕਦਮਾਂ ਦੀ ਸ਼ਲਾਘਾ ਕੀਤੀ।

ਬੈਚੂਲਰ ਆਫ ਫਾਰਮੇਸੀ ਪਹਿਲਾ ਸਮੈਸਟਰ ਵਿਚ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਪੁਸ਼ਟੀ।

41. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸਿੰਡੀਕੇਟ ਦੀ ਪਰਵਾਨਗੀ ਦੀ ਆਸ 'ਤੇ ਉਪ-ਕੁਲਪਤੀ ਸਾਹਿਬ ਦੇ ਆਦੇਸ਼ਾਂ ਦੀ ਪੁਸ਼ਟੀ ਕੀਤੀ ਜਾਂਦੀ ਹੈ ਜਿਸ ਰਾਹੀਂ ਉਨ੍ਹਾਂ ਨੇ ਸੈਸ਼ਨ 2013-14 ਦੌਰਾਨ ਫਾਰਮਾਸਿਊਟੀਕਲ ਸਾਇੰਸਜ਼ ਵਿਭਾਗ ਵਿਖੇ ਜਨਰਲ ਕੈਟੇਗਰੀ ਵਿਚ ਉਡੀਕ ਸੂਚੀ ਅਧੀਨ ਹੇਠ ਲਿਖੇ ਵਿਦਿਆਰਥੀਆਂ ਨੂੰ ਬੈਚੂਲਰ ਆਫ ਫਾਰਮੇਸੀ ਪਹਿਲਾ ਸਮੈਸਟਰ ਵਿਚ 5000/- ਰੁਪਏ ਲੇਟ ਫੀਸ ਨਾਲ ਦਾਖਲੇ ਦੀ ਆਗਿਆ ਦਿੱਤੀ ਹੈ:-

| ਕ੍ਰਮ ਨੰ: | ਨਾਮ | ਰੋਲ ਨੰਬਰ |
|---|---|---|
| 1. | ਅਵਨੀਤ ਕੌਰ | 1594 |
| 2. | ਕੁਨਿੰਦ ਸਿੰਘ | 2592 |
| 3. | ਨਕੁਲ ਖੰਨਾ | 2425 |
| 4. | ਦੀਪਕ ਮਿਗਲਾਨੀ | 1235 |
| 5. | ਸੁਰਮੀਤ ਕੌਰ | 1774 |

ਅਸਿਸਟੈਂਟ ਪ੍ਰੋਫੈਸਰ ਇਨ ਫੈਸ਼ਨ ਡਿਜ਼ਾਈਨਿੰਗ ਅਤੇ ਅਸਿਸਟੈਂਟ ਪ੍ਰੋਫੈਸਰ ਇਨ ਫੈਸ਼ਨ ਮੇਕ-ਓਵਰ ਦੀ ਅਸਾਮੀ ਲਈ ਯੋਗਤਾ ਦੀ ਪਰਵਾਨਗੀ।

42. ਵਿਚਾਰ ਉਪਰੰਤ

**ਪਾਸ ਹੋਇਆ** ਕਿ-

(ੳ) ਅਸਿਸਟੈਂਟ ਪ੍ਰੋਫੈਸਰ ਇਨ ਫੈਸ਼ਨ ਡਿਜ਼ਾਈਨਿੰਗ ਦੀ ਅਸਾਮੀ ਲਈ ਯੋਗਤਾ ਨਿਰਧਾਰਤ ਕਰਨ ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 8.7.2013 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

(ਅ) ਅਸਿਸਟੈਂਟ ਪ੍ਰੋਫੈਸਰ ਇਨ ਫੈਸ਼ਨ ਮੇਕ-ਓਵਰ ਦੀ ਅਸਾਮੀ ਲਈ ਯੋਗਤਾ ਨਿਰਧਾਰਤ ਕਰਨ ਸਬੰਧੀ ਉਪ-ਕੁਲਪਤੀ ਸਾਹਿਬ ਵੱਲੋਂ ਗਠਿਤ ਕਮੇਟੀ ਦੀ ਇੱਕਤਰਤਾ ਮਿਤੀ 13.8.2013 ਦੀਆਂ ਸਿਫਾਰਸ਼ਾਂ (**ਅੰਤਿਕਾ** ਅਨੁਸਾਰ) ਪਰਵਾਨ ਕੀਤੀਆਂ ਜਾਂਦੀਆਂ ਹਨ।

ਸਬੰਧਤ ਉਮੀਦਵਾਰ ਨੂੰ ਪੀ.ਐਚ.ਡੀ. ਡਿਗਰੀ ਪਰਦਾਨ ਕਰਨ ਦੀ ਪਰਵਾਨਗੀ।

43. ਉਪ-ਕੁਲਪਤੀ ਸਾਹਿਬ ਦੀ ਸਿਫਾਰਸ਼ 'ਤੇ ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਉਮੀਦਵਾਰ ਨੂੰ, ਉਸ ਅੱਗੇ ਦਰਸਾਏ ਥੀਸਿਸ ਦੇ ਸਿਰਲੇਖ, ਵਿਸ਼ਾ 'ਤੇ ਫ਼ੈਕਲਟੀ ਅਨੁਸਾਰ, ਡਾਕਟਰ ਆਫ਼ ਫਿਲਾਸਫੀ ਦੀ ਡਿਗਰੀ ਪਰਦਾਨ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ:-

| ਕ੍ਰਮ ਨੰ: | ਨਾਮ | ਥੀਸਿਸ ਦਾ ਸਿਰਲੇਖ | ਵਿਸ਼ਾ ਤੇ ਫੈਕਲਟੀ |
|---|---|---|---|
| 1. | ਸੁਰੁਚੀ ਮਹਾਜਨ | Studies on Self Assembly of Various Amphiphiles and their Interactions with Bioactive Compounds. | ਕੈਮਿਸਟਰੀ- ਸਾਇੰਸਜ਼ ਫੈਕਲਟੀ। |

ਸੈਸ਼ਨ 2013-14 ਦੌਰਾਨ ਕੰਟ੍ਰੈਕਟ ਆਧਾਰ 'ਤੇ ਨਿਯੁਕਤ ਸਹਾਇਕ ਪ੍ਰੋਫੈਸਰਾਂ ਦੀ ਪੀਐਚ.ਡੀ. ਰਜਿਸਟ੍ਰੇਸ਼ਨ ਰੱਦ ਕਰਨ ਦੀ ਪਰਵਾਨਗੀ।

44. ਵਿਚਾਰ ਉਪਰੰਤ

**ਪਾਸ ਹੋਇਆ** ਕਿ ਸੈਸ਼ਨ 2013-14 ਦੌਰਾਨ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਵਿਚ ਕੰਟ੍ਰੈਕਟ ਆਧਾਰ 'ਤੇ ਨਿਯੁਕਤ ਸਹਾਇਕ ਪ੍ਰੋਫੈਸਰ (**ਅੰਤਿਕਾ** ਅਨੁਸਾਰ), ਜਿਨ੍ਹਾਂ ਨੇ ਪੀਐਚ.ਡੀ. ਲਈ ਆਪਣੀ ਰਜਿਸਟ੍ਰੇਸ਼ਨ ਕਰਵਾਈ ਹੈ, ਦੀ ਪੀਐਚ.ਡੀ. ਰਜਿਸਟ੍ਰੇਸ਼ਨ ਰੱਦ ਕਰਦਿਆਂ ਪੀਐਚ.ਡੀ. ਕੋਰਸ ਵਰਕ ਦੀ ਫੀਸ ਵਾਪਸ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ, ਕਿਉਂਜੋ ਨਿਯਮਾਂ ਅਨੁਸਾਰ ਇਨ੍ਹਾਂ ਉਮੀਦਵਾਰਾਂ ਨੇ ਦੋ

ਸਮੈਸਟਰ ਦਾ ਪ੍ਰੀ-ਪੀਐਚ.ਡੀ. ਕੋਰਸ ਵਰਕ ਲਗਾਉਣਾ ਹੁੰਦਾ ਹੈ, ਜਿਸ ਲਈ ਰੈਗੂਲਰ ਕਲਾਸਾਂ ਲਗਾਉਣੀਆਂ ਪੈਂਦੀਆਂ ਹਨ ਜੋ ਸਰਵਿਸ ਦੇ ਨਾਲ-ਨਾਲ ਸੰਭਵ ਨਹੀਂ ਹਨ।

**ਅਧਿਆਪਕਾਂ ਦੀ ਤਰੱਕੀ/ ਸਿੱਧੀ ਭਰਤੀ ਲਈ ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੀ ਪਰਵਾਨਗੀ।**

45. ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ ਅਨੁਸਾਰ ਅਧਿਆਪਕਾਂ ਦੀ ਤੱਰਕੀ/ ਸਿੱਧੀ ਭਰਤੀ(ਇਕ ਸਾਲ ਬਾਅਦ ਰਿਵਿਊ ਕੇਸ) ਲਈ ਵੱਖ-ਵੱਖ ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ **ਅੰਤਿਕਾਵਾਂ** ਅਨੁਸਾਰ ਉੱਤੇ ਵਿਚਾਰ ਹੋਈ:-

**Promotions under Career Advancement Scheme**

| | |
|---|---|
| 1. Professor, Chemistry | Dr. Paramjit Kaur, Associate Professor |
| 2. Professor, Food Sc. & Technology | Dr. Hardeep Singh, Associate Professor |
| | Dr. Navdeep Singh Sodhi, Associate Professor |
| 3. Associate Professor, Human Genetics | Dr. Baddarudoza, Assistant Professor |

**Direct Recruitment (Review cases after One year)**

1. Dr. Harpreet Kaur, Asstt. Professor, Political Science
2. Dr. Satnam Singh Deol, Asstt. Professor, Political Science
3. Dr. Gagandeep Kaur Gahley, Asstt. Professor, Mol. Bio. & Biochemistry
4. Dr. Sanjana Mehrotra, Asstt. Professor, Human Genetics
5. Dr. Tejwant Singh, Asstt. Professor, Chemistry

**ਪਾਸ ਹੋਇਆ** ਕਿ-

(ੳ) ਯੂ.ਜੀ.ਸੀ. ਦੀ ਕੈਰੀਅਰ ਐਡਵਾਂਸਮੈਂਟ ਸਕੀਮ ਅਧੀਨ ਹੇਠਾਂ ਦਰਸਾਏ ਅਧਿਆਪਕਾਂ ਨੂੰ ਉਨ੍ਹਾਂ ਦੇ ਨਾਵਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ ਪ੍ਰਮੋਟ ਕੀਤਾ ਜਾਂਦਾ ਹੈ:-

| | | |
|---|---|---|
| 1. | Dr. Paramjit Kaur, Associate Professor, Chemistry | As Professor (Stage 5) Grade Rs.37400-67000+ 10000 AGP from the date of eligibility |
| 2. | Dr. Hardeep Singh, Associate Professor, Food Sc. & Technology | As Professor (Stage 5) Grade Rs.37400-67000+10000AGP from the date of interview (22.8.2013) |
| 3. | Dr. Navdeep Singh Sodhi, Associate Professor, Food Sc. & Technology | As Professor (Stage 5) Grade Rs.37400-67000+10000AGP from the date of his successfully reassessed(22.8.2013) |
| 4. | Dr. Baddarudoza, Assistant Professor, Human Genatics | As Associate Professor (Stage 4) Grade Rs.37400-67000+9000 AGP from the date of eligibility |

(ਅ) ਵੱਖ-ਵੱਖ ਅਸਾਮੀਆਂ ਲਈ ਸਿੱਧੀ ਭਰਤੀ ਰਾਹੀਂ (review cases after one

year) ਚੋਣ ਕਮੇਟੀਆਂ ਦੀਆਂ ਸਿਫਾਰਸ਼ਾਂ ਦੇ ਆਧਾਰ ‘ਤੇ ਹੇਠ ਲਿਖੇ ਵਿਅਕਤੀਆਂ ਦੀ ਨਿਯੁਕਤੀ, ਉਨ੍ਹਾਂ ਸਾਹਮਣੇ ਦਰਸਾਏ ਵੇਰਵੇ ਅਨੁਸਾਰ, ਨਿਯਮਤ(regularize) ਕੀਤੀ ਜਾਂਦੀ ਹੈ:-

| | |
|---|---|
| 1. Dr. Harpreet Kaur | Asstt. Prof., Political Sc. |
| 2. Dr. Satnam Singh Deol | Asstt. Prof., Political Sc. |
| 3. Dr. Gagandeep Kaur Gahley | Asstt. Prof., Mol. Bio. & Biochemsitry<br>The Selection Committee recommends five non commuted increments due to PDF, USA and increments due to Ph.D. degree (UGC Rules, University rules) |
| 4. Dr. Sanjana Mehrotra | Asstt. Prof., Human Genetics |
| 5. Dr. Tejwant Singh | Asstt. Prof., Chemistry |

ਉਕਤ ਕ੍ਰਮ ਨੰ: 3 ਉੱਤੇ ਡਾ. ਗਗਨਦੀਪ ਕੌਰ ਗਾਹਲੇ ਬਾਰੇ ਚੋਣ ਕਮੇਟੀ ਦੀ ਸਿਫਾਰਸ਼ ਸਬੰਧੀ ਉਪ-ਕੁਲਪਤੀ ਸਾਹਿਬ ਨੇ ਦੱਸਿਆ ਕਿ ਚੋਣ ਕਮੇਟੀ ਦੀ ਸਿਫਾਰਸ਼ ਵਿਚ non-commuted ਸ਼ਬਦ ਦੀ ਬਜਾਏ non-compounded ਸ਼ਬਦ ਪੜ੍ਹਿਆ ਜਾਵੇ।

ਸਿੰਡੀਕੇਟ ਵੱਲੋਂ ਉਕਤ ਅਨੁਸਾਰ ਪਰਵਾਨਗੀ ਦਿੱਤੀ ਗਈ।

ਯੂਨੀਵਰਸਿਟੀ ਕਰਮਚਾਰੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਸਬੰਧੀ ਕੈਲੰਡਰ ਵਿਚ ਸੋਧ ਦੀ ਪਰਵਾਨਗੀ।

46. ਵਿਚਾਰ ਉਪਰੰਤ

**ਪਾਸ ਹੋਇਆ** ਕਿ ਪ੍ਰਿੰਸੀਪਲ ਸਕੱਤਰ, ਗਵਰਨਰ ਪੰਜਾਬ (ਚਾਂਸਲਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਦੇ ਪੱਤਰ ਨੰ: 5/7/12-2G-PRB/5140 ਮਿਤੀ 24.7.2013 ਨੂੰ ਮੁੱਖ ਰੱਖਦਿਆਂ ਯੂਨੀਵਰਸਿਟੀ ਕਰਮਚਾਰੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਸਬੰਧੀ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਤੇ ਅਧਿਆਦੇਸ਼ 33(ii) ਅਤੇ 42 ਵਿਚ **ਅੰਤਿਕਾ** ਅਨੁਸਾਰ ਸੋਧ ਕਰਨ ਦੀ ਪਰਵਾਨਗੀ ਦਿੱਤੀ ਜਾਂਦੀ ਹੈ।

ਰਿਟਾਇਰਡ ਅਧਿਆਪਕਾਂ ਦੀ ਮੁੜ-ਨਿਯੁਕਤੀ ਦੀ ਮਿਆਦ ਵਿਚ ਹੋਰ ਇਕ ਸਾਲ ਦਾ ਵਾਧਾ।

47. ਏਜੰਡਾ ਖਤਮ ਹੋਣ ਉਪਰੰਤ ਰਜਿਸਟਰਾਰ ਸਾਹਿਬ ਨੇ ਦੱਸਿਆ ਕਿ ਸਿੰਡੀਕੇਟ ਦੀ ਇੱਕਤਰਤਾ ਮਿਤੀ 26.6.2013 ਦੇ ਪੈਰਾ ਨੰ: 34 ਅਧੀਨ ਹੇਠ ਲਿਖੇ ਅਧਿਆਪਕਾਂ (ਰਿਟਾਇਰਡ) ਜਿਨ੍ਹਾਂ ਨੇ ਆਪਣੀ ਮੁੜ-ਨਿਯੁਕਤੀ ਦੀ ਦੋ ਸਾਲ ਦੀ ਮਿਆਦ ਪੂਰੀ ਕਰ ਲਈ ਹੈ, ਦੀ ਨਿਯੁਕਤੀ ਦੀ ਮਿਆਦ ਵਿਚ ਤੀਸਰੇ ਸਾਲ ਦਾ ਵਾਧਾ ਕਰਨ ਲਈ ਯੂਨੀਵਰਸਿਟੀ ਕੈਲੰਡਰ 2007, ਜਿਲਦ ਪਹਿਲੀ ਤੇ ਸਟੈਚਿਊਟ 94(iii)(b)(2) ਅਧੀਨ ਉਨ੍ਹਾਂ ਦੇ ਪਿਛਲੇ ਤਿੰਨ ਸਾਲ ਦੇ ਕੰਮ ਦੀ ਅਸੈਸਮੈਂਟ ਰਿਪੋਰਟ ਲੈਣ ਲਈ ਵਿਸ਼ਾ ਵਿਸ਼ੇਸ਼ਗ (subject expert) ਨਾਮਜ਼ਦ ਕਰਨ ਦੇ ਅਧਿਕਾਰ ਉਪ-ਕੁਲਪਤੀ ਸਾਹਿਬ ਨੂੰ ਦਿੱਤੇ ਗਏ ਸਨ। ਇਸ ਸਬੰਧੀ ਵਿਸ਼ਾ ਵਿਸ਼ੇਸ਼ਗਾਂ ਦੀਆਂ ਰਿਪੋਰਟਾਂ **ਅੰਤਿਕਾ** ਅਨੁਸਾਰ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਤੇ ਵਿਚਾਰ ਕਰਨ ਦੀ ਲੋੜ ਹੈ।

ਵਿਚਾਰ ਉਪਰੰਤ

**ਪਾਸ ਹੋਇਆ** ਕਿ ਹੇਠ ਲਿਖੇ ਅਧਿਆਪਕਾਂ ਦੇ ਕੰਮ ਦੀ ਅਸੈਸਮੈਂਟ ਸਬੰਧੀ ਤਿੰਨ ਵਿਸ਼ਾ ਵਿਸ਼ੇਸ਼ਗਾਂ ਦੀਆਂ ਰਿਪੋਰਟਾਂ ਹਾਂ ਪੱਖੀ ਹੋਣ ਕਾਰਨ ਉਨ੍ਹਾਂ ਦੀ ਨਿਯੁਕਤੀ ਦੀ

ਮਿਆਦ ਵਿਚ ਡਿਊਟੀ ‘ਤੇ ਹਾਜ਼ਰ ਹੋਣ ਦੀ ਮਿਤੀ ਤੋਂ ਪਹਿਲੀਆਂ ਹੀ ਬਾਨ੍ਹਾਂ ਅਤੇ ਸ਼ਰਤਾਂ ‘ਤੇ ਹੋਰ ਇਕ ਸਾਲ ਦਾ ਵਾਧਾ ਕੀਤਾ ਜਾਂਦਾ ਹੈ:-

1. ਪ੍ਰੋਫੈਸਰ ਰਘਬੀਰ ਸਿੰਘ,
   ਕਾਮਰਸ ਤੇ ਬਿਜ਼ਨੈਸ ਮੈਨੇਜ਼ਮੈਂਟ ਵਿਭਾਗ
2. ਪ੍ਰੋਫੈਸਰ ਪਰਮਿੰਦਰ ਸਿੰਘ,
   ਅੰਗ੍ਰੇਜੀ ਵਿਭਾਗ

**Commerce & Business Management** ਵਿਭਾਗ ਨੂੰ ਦੋ ਵਿਭਾਗਾਂ ਵਿਚ ਵੰਡਣ ਦੀ ਪਰਵਾਨਗੀ।

48. ਉਪ-ਕੁਲਪਤੀ ਸਾਹਿਬ ਨੇ ਕਿਹਾ ਕਿ ਐਮ.ਬੀ.ਏ. ਦੇ ਬਹੁਤ ਸਾਰੇ Disciplines ਹਨ। ਯੂਨੀਵਰਸਿਟੀ ਕੈਂਪਸ ਵਿਖੇ ਐਮ.ਬੀ.ਏ. ਨੂੰ ਵਧੀਆ ਢੰਗ ਨਾਲ ਚਲਾਉਣ ਲਈ ਦੂਸਰੀਆਂ ਯੂਨੀਵਰਸਿਟੀਆਂ ਦੀ ਤਰਜ਼ 'ਤੇ ਯੂਨੀਵਰਸਿਟੀ ਕੈਂਪਸ ਵਿਖੇ Business School ਖੋਲਣਾ ਜ਼ਰੂਰੀ ਹੈ ਤਾਂ ਜੋ ਐਮ.ਬੀ.ਏ. ਦੇ ਵੱਖਰੇ-ਵੱਖਰੇ Disciplines ਨੂੰ ਸੂਚਾਰੂ ਢੰਗ ਨਾਲ ਚਲਾਇਆ ਜਾ ਸਕੇ। ਇਸ ਲਈ Commerce & Business Management ਵਿਭਾਗ ਨੂੰ ਦੋ ਵਿਭਾਗਾਂ ਵਿਚ ਵੰਡਣਾ ਜ਼ਰੂਰੀ ਹੈ।

ਸਿੰਡੀਕੇਟ ਨੇ ਉਕਤ ਤਜ਼ਵੀਜ਼ ਦੀ ਸਰਵ-ਸੰਮਤੀ ਨਾਲ ਪਰਵਾਨਗੀ ਦਿੱਤੀ; ਅਤੇ Commerce & Business Management ਵਿਭਾਗ ਨੂੰ ਮਿਤੀ 1.4.2014 ਤੋਂ ਹੇਠ ਲਿਖੇ ਅਨੁਸਾਰ ਦੋ ਵਿਭਾਗਾਂ ਵਿਚ ਵੰਡਣ ਦੀ ਪਰਵਾਨਗੀ ਦਿੱਤੀ। ਇਨ੍ਹਾਂ ਦੋ ਵਿਭਾਗਾਂ ਵਿਚ ਦਾਖਲਾ ਸੈਸ਼ਨ 2014-15 ਤੋਂ ਵੱਖਰੇ-ਵੱਖਰੇ ਤੌਰ 'ਤੇ ਕੀਤਾ ਜਾਵੇਗਾ:-

1. Department of Commerce
2. University Business School

ਰਜਿਸਟਰਾਰ ਸਾਹਿਬ ਨੇ ਦੱਸਿਆ ਕਿ ਸੈਨੇਟ ਨੇ ਆਪਣੀ ਇੱਕਤਰਤਾ ਮਿਤੀ 30.8.2013 ਦੇ ਪੈਰਾ ਨੰ: 4 ਰਾਹੀਂ ਯੂਨੀਵਰਸਿਟੀ ਦੀ 43ਵੀਂ ਸਲਾਨਾ ਰਿਪੋਰਟ ਦੀ ਪਰਵਾਨਗੀ ਦਿੱਤੀ ਹੈ।

ਸਿੰਡੀਕੇਟ ਵਲੋਂ ਉਕਤ ਜਾਣਕਾਰੀ ਨੋਟ ਕੀਤੀ ਗਈ।

ਧੰਨਵਾਦ ਦੇ ਮਤੇ ਨਾਲ ਇੱਕਤਰਤਾ ਸਮਾਪਤ ਹੋਈ।

(ਇੰਦਰਜੀਤ ਸਿੰਘ)
ਰਜਿਸਟਰਾਰ

ਪੱਕੀ ਕੀਤੀ ਗਈ।

ਸਹੀ/-

(ਅ.ਸ. ਬਰਾੜ)
ਉਪ-ਕੁਲਪਤੀ